Washington State Office of the Attorney General

# ਫੋਰਸ ਪਾਲਿਸੀ ਦੀ ਮਾਡਲ ਵਰਤੋਂ

1 ਜੁਲਾਈ, 2022

# ਸਮੱਗਰੀ ਦਾ ਟੇਬਲ


**ਪਰਿਭਾਸ਼ਾਵਾਂ** ..... **3**

**ਮਹੱਤਵਪੂਰਨ ਸਿਧਾਂਤ** ..... **4**

**ਹਰ ਕਿਸਮ ਦੇ ਸਰੀਰਕ ਬਲ ਦੇ ਉਪਯੋਗ ਨੂੰ ਨਿਯੰਤਰਿਤ ਕਰਨ ਵਾਲੀਆਂ ਗੱਲਾਂ** ..... **5**

ਮਹੱਤਵਪੂਰਨ ਫੈਸਲੇ ਲੈਣਾ ..... 5

ਡੀ-ਐਸਕੇਲੇਸ਼ਨ ..... 5

ਵਾਜਬ ਦੇਖਭਾਲ ..... 6

ਸਰੀਰਕ ਬਲ ਦੀ ਵਰਤੋਂ ਲੋੜੀਂਦੀ ਅਤੇ ਕਨੂੰਨੀ ਉਦੇਸ਼ ਦੇ ਲਈ ਹੋਣੀ ਚਾਹੀਦੀ ਹੈ ..... 7

ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਪਛਾਣ ਦੱਸਣ, ਚੇਤਾਵਨੀ ਅਤੇ ਆਗਿਆ ਦੀ ਪਾਲਣਾ ਕਰਨ ਦਾ ਮੌਕਾ ..... 8

ਚੋਕਹੋਲਡ (ਸਾਹ ਘੁੱਟਣ) ਅਤੇ ਨੈੱਕ ਰਿਸਟ੍ਰੈਨਟ (ਗਲਾ ਘੁੱਟਣ) ਦੀ ਤਕਨੀਕ ਨੂੰ ਵਰਤਣ ਦੀ ਮਨਾਹੀ ਹੈ ..... 8

ਗਲਤ ਕੰਮ ਦੇ ਵਿਰੁੱਧ ਕਾਰਵਾਈ ..... 8

ਫਸਟ ਏਡ ..... 8

**ਬਲ ਦੀਆਂ ਕਿਸਮਾਂ** ..... **10**

**ਬਲ ਦਾ ਸਾਧਨ ਚੁਣੋ** ..... **11**

ਓਲੀਓਰੇਸਿਨ ਕੈਪਸਿਕਮ (OC) ਸਪਰੇਅ ..... 11

ਇਮਪੈਕਟ ਵੈਪਨ ..... 11

Projectile Impact Weapons (ਜਿਸਨੂੰ ਐਕਸਟੈਨਡਿਡ ਰੇਂਜ ਇਮਪੈਕਟ ਵੈਪਨ ਵੀ ਕਿਹਾ ਜਾਂਦਾ ਹੈ) ..... 11

Electronic Control Weapons (ਜਿਸਨੂੰ ਕੰਡਕਟਿਡ ਐਨਰਜੀ ਵੈਪਨ ਵੀ ਕਿਹਾ ਜਾਂਦਾ ਹੈ) ..... 12

ਬੰਦੂਕ ..... 13

**ਰਿਸਟ੍ਰੈਨਟ ਡਿਵਾਈਸ ਚੁਣੋ** ..... **14**

ਸਪਿੱਟ ਗਾਰਡ ..... 14

ਹੋਬਲ ਰਿਸਟ੍ਰੈਨਟ ..... 15

**ਟ੍ਰੇਨਿੰਗ** ..... **15**

# Washington State Office of the Attorney General
# ਫੋਰਸ ਪਾਲਿਸੀ ਦੀ ਮਾਡਲ ਵਰਤੋਂ

**ਉਦੇਸ਼:** ਇਸ ਨੀਤੀ ਦਾ ਉਦੇਸ਼ ਅਫ਼ਸਰਾਂ ਨੂੰ ਸਪੱਸ਼ਟਤਾ ਪ੍ਰਦਾਨ ਕਰਨਾ ਹੈ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਜਦੋਂ ਵੀ ਸੰਭਵ ਹੋਵੇ ਸਾਰੀਆਂ ਉਪਲਬਧ ਅਤੇ ਢੁੱਕਵੀਂਆਂ ਡੀ-ਐਸਕੇਲੇਸ਼ਨ ਤਕਨੀਕਾਂ ਦੀ ਵਰਤੋਂ ਕਰਕੇ ਸਾਰਿਆਂ ਦੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ, ਸਰੀਰਕ ਬਲ ਦੀ ਵਰਤੋਂ ਸਿਰਫ਼ ਲੋੜ ਪੈਣ 'ਤੇ ਹੀ ਕੀਤੀ ਜਾਵੇ ਅਤੇ ਵਰਤੇ ਜਾਣ ਵਾਲੇ ਸਰੀਰਕ ਬਲ ਦੀ ਮਾਤਰਾ ਅਫ਼ਸਰ ਦੁਆਰਾ ਸਾਹਮਣਾ ਕੀਤੇ ਜਾ ਰਹੇ ਖ਼ਤਰੇ ਜਾਂ ਵਿਰੋਧ ਦੇ ਨਾਲ-ਨਾਲ ਕਾਨੂੰਨ ਲਾਗੂ ਕਰਨ ਦੇ ਉਦੇਸ਼ ਦੀ ਗੰਭੀਰਤਾ ਦੇ ਅਨੁਸਾਰ ਢੁੱਕਵੀਂ ਹੋਵੇ।

## ਪਰਿਭਾਸ਼ਾਵਾਂ

(1) **ਚੋਕਹੋਲਡ (ਸਾਹ ਘੁੱਟਣ):** ਕਿਸੇ ਵਿਅਕਤੀ ਦੀ ਸਾਹ ਦੀ ਨਾਲੀ ਵਿੱਚ ਰੁਕਾਵਟ ਪਾਉਣ ਦੇ ਉਦੇਸ਼ ਲਈ ਉਸਦੀ ਸਾਹ ਦੀ ਨਾਲੀ ਜਾਂ ਵਿੰਡਪਾਈਪ ਉੱਤੇ ਜਾਣਬੁੱਝ ਕੇ ਸਿੱਧਾ ਦਬਾਅ ਪਾਉਣਾ। (Revised Code of Washington (RCW, ਵਾਸ਼ਿੰਗਟਨ ਦਾ ਸੰਸ਼ੋਧਿਤ ਕੋਡ)10.116.020).

(2) **ਕੰਪਰੈਸ਼ਨ ਅਸਫਾਈਕਸਿਆ**: ਛਾਤੀ ਅਤੇ/ਜਾਂ ਪੇਟ ਨੂੰ ਦਬਾ ਕੇ ਫੇਫੜਿਆਂ ਦਾ ਫੁੱਲਣਾ ਮਸ਼ੀਨੀ ਤੌਰ 'ਤੇ ਸੀਮਤ ਕਰਦੇ ਹੋਏ, ਸਾਹ ਲੈਣ ਵਿੱਚ ਵਿਘਨ ਪਾਉਣ ਕਾਰਨ, ਖੂਨ ਵਿੱਚ ਆਕਸੀਜਨ ਦੀ ਕਮੀ ਅਤੇ/ਜਾਂ ਖੂਨ ਵਿੱਚ ਕਾਰਬਨ ਡਾਈਆਕਸਾਈਡ ਦਾ ਬਹੁਤ ਜ਼ਿਆਦਾ ਵਾਧਾ ਹੋਣ ਨਾਲ ਬੇਹੋਸ਼ੀ ਜਾਂ ਮੌਤ ਹੋਣਾ।

(3) **ਘਾਤਕ ਬਲ**: ਹਥਿਆਰਾਂ ਜਾਂ ਕਿਸੇ ਹੋਰ ਸਾਧਨ ਦੁਆਰਾ ਜਾਣਬੁੱਝ ਕੇ ਬਲ ਦੀ ਵਰਤੋਂ ਜੋ ਕਿ ਮੌਤ ਜਾਂ ਗੰਭੀਰ ਸਰੀਰਕ ਸੱਟ ਦਾ ਕਾਰਨ ਬਣ ਸਕਦਾ ਹੈ। (RCW 9A.16.010).

(4) **ਡੀ-ਐਸਕੇਲੇਸ਼ਨ ਦੀਆਂ ਰਣਨੀਤੀਆਂ**: ਪੀਸ ਅਫ਼ਸਰ ਦੁਆਰਾ ਵਰਤੀਆਂ ਜਾਣ ਵਾਲੀਆਂ ਕਾਰਵਾਈਆਂ ਜਿਸ ਦਾ ਉਦੇਸ਼ ਕਿਸੇ ਵੀ ਘਟਨਾ ਦੌਰਾਨ ਬਲ ਦੀ ਵਰਤੋਂ ਦੀ ਸੰਭਾਵਨਾ ਨੂੰ ਘਟਾਉਣਾ ਹੁੰਦਾ ਹੈ। (RCW 10.120.010 [2022 c 4 §2]). ਸਰੀਰਕ ਬਲ ਦੀ ਵਰਤੋਂ ਕਰਨਾ ਡੀ-ਐਸਕੇਲੇਸ਼ਨ ਰਣਨੀਤੀ ਨਹੀਂ ਹੈ। ਡੀ-ਐਸਕੇਲੇਸ਼ਨ ਦੀਆਂ ਰਣਨੀਤੀਆਂ ਬਾਰੇ ਵੇਰਵੇ-ਸਹਿਤ ਜਾਣਕਾਰੀ “ਡੀ-ਐਸਕੇਲੇਸ਼ਨ” ਭਾਗ ਵਿੱਚ ਮੌਜੂਦ ਹੈ।

(5) **ਸੰਭਵ**: ਅਫ਼ਸਰ ਜਾਂ ਕਿਸੇ ਹੋਰ ਵਿਅਕਤੀ ਨੂੰ ਨੁਕਸਾਨ ਪਹੁੰਚਾਉਣ ਦੇ ਜੋਖਮ ਨੂੰ ਵਧਾਏ ਬਿਨਾਂ ਗ੍ਰਿਫਤਾਰੀ ਜਾਂ ਕਨੂੰਨੀ ਉਦੇਸ਼ ਨੂੰ ਪ੍ਰਾਪਤ ਕਰਨ ਲਈ ਵਾਜਬ ਤੌਰ 'ਤੇ ਸਮਰੱਥ।

(6) **ਫਲਾਇਟ (ਭੱਜਣਾ)**: ਕਾਨੂੰਨ ਅਧਿਕਾਰੀਆਂ ਤੋਂ ਦੂਰ ਜਾਣ ਅਤੇ ਜਾਣਬੁੱਝ ਕੇ ਬਚਣ ਦੀ ਕੋਸ਼ਿਸ਼ ਵਿੱਚ ਭੱਜਣ ਦੀ ਹਰਕਤ ਜਾਂ ਕਾਰਵਾਈ।

(7) **ਗੰਭੀਰ ਸਰੀਰਕ ਸੱਟ ਜਾਂ ਮੌਤ ਦਾ ਤੁਰੰਤ ਖਤਰਾ**: ਹਾਲਾਤਾਂ ਦੀ ਸੰਪੂਰਨ ਜਾਣਕਾਰੀ ਦੇ ਆਧਾਰ 'ਤੇ, ਇਹ ਵਿਸ਼ਵਾਸ ਕਰਨਾ ਨਿਰਪੱਖ ਤੌਰ 'ਤੇ ਵਾਜਬ ਹੈ ਕਿ ਕਿਸੇ ਵਿਅਕਤੀ ਕੋਲ ਪੀਸ ਅਫ਼ਸਰ ਜਾਂ ਕਿਸੇ ਹੋਰ ਵਿਅਕਤੀ ਨੂੰ ਤੁਰੰਤ ਮੌਤ ਜਾਂ ਗੰਭੀਰ ਸਰੀਰਕ ਸੱਟ ਪਹੁੰਚਾਉਣ ਦੀ ਮੌਜੂਦਾ ਅਤੇ ਸਪੱਸ਼ਟ ਯੋਗਤਾ, ਮੌਕਾ ਅਤੇ ਇਰਾਦਾ ਹੈ। (RCW 10.120.020 [2022 c 80 §3]).

(8) **ਕਾਨੂੰਨ ਲਾਗੂ ਕਰਨ ਵਾਲੀ ਏਜੰਸੀ**: ਇਸ ਵਿੱਚ RCW 10.93.020 ਦੁਆਰਾ ਪਰਿਭਾਸ਼ਿਤ ਕੋਈ ਵੀ "ਜਨਰਲ ਅਥਾਰਟੀ ਵਾਸ਼ਿੰਗਟਨ ਲਾਅ ਇਨਫੋਰਸਮੈਂਟ ਏਜੰਸੀ" ਅਤੇ ਕੋਈ ਵੀ "ਲਿਮਿਟੇਡ ਅਥਾਰਟੀ ਵਾਸ਼ਿੰਗਟਨ ਲਾਅ ਇਨਫੋਰਸਮੈਂਟ ਏਜੰਸੀ" ਸ਼ਾਮਲ ਹੈ।

(9) **ਘੱਟ ਘਾਤਕ ਵਿਕਲਪ**: ਇਸ ਵਿੱਚ ਜ਼ੁਬਾਨੀ ਚੇਤਾਵਨੀਆਂ, ਡੀ-ਐਸਕੇਲੇਸ਼ਨ ਰਣਨੀਤੀਆਂ, ਕੰਡਕਟਿਡ ਐਨਰਜੀ ਵੈਪਨ, ਓਲੀਓਰੇਸਿਨ ਕੈਪਸਿਕਮ ਤੈਨਾਤ ਕਰਨ ਵਾਲੇ ਡਿਵਾਈਸ, ਬੈਟਨ (ਡੰਡਾ) ਅਤੇ ਬੀਨਬੈਗ ਰਾਉਂਡ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ। (RCW 10.120.010).

(10) **ਜ਼ਰੂਰੀ**: ਹਾਲਾਤਾਂ ਦੀ ਸੰਪੂਰਨ ਜਾਣਕਾਰੀ ਦੇ ਅਨੁਸਾਰ, ਸਰੀਰਕ ਬਲ ਜਾਂ ਘਾਤਕ ਬਲ ਦੀ ਵਰਤੋਂ ਤੋਂ ਇਲਾਵਾ ਕੋਈ ਵਾਜਬ ਵਿਕਲਪ ਮੌਜੂਦ ਨਹੀਂ ਹੈ ਅਤੇ ਵਰਤਿਆ ਗਿਆ ਸਰੀਰਕ ਬਲ ਜਾਂ ਘਾਤਕ ਬਲ ਦੀ ਕਿਸਮ ਅਤੇ ਮਾਤਰਾ, ਕਾਨੂੰਨੀ ਉਦੇਸ਼ ਦੇ ਲਈ ਜਾਂ ਅਫ਼ਸਰ ਨੂੰ ਜਾਂ ਹੋਰਾਂ ਨੂੰ, ਪੈਦਾ ਹੋਏ ਖਤਰੇ ਤੋਂ ਬਚਾਉਣ ਲਈ ਵਾਜਬ ਅਤੇ ਢੁੱਕਵੀਂ ਹੈ। (RCW 10.120.010 [2022 c 80 §2]).

(11) **ਨੈੱਕ ਰਿਸਟ੍ਰੇਨਟ (ਗਲਾ ਘੁੱਟਣ)**: ਨਾੜੀ 'ਤੇ ਪਾਇਆ ਗਿਆ ਦਬਾਅ ਜਾਂ ਜ਼ੋਰ, ਫੜ੍ਹ ਕੇ ਰੱਖਣਾ, ਜਾਂ ਕੋਈ ਹੋਰ ਤਰੀਕਾ ਜਿਸ ਵਿੱਚ ਖੂਨ ਦੇ ਪ੍ਰਵਾਹ ਨੂੰ ਸੀਮਿਤ ਕਰਨ ਲਈ ਗਰਦਨ 'ਤੇ ਦਬਾਅ ਪਾਇਆ ਜਾਂਦਾ ਹੈ। (RCW 10.116.020).

(12) **ਪੀਸ ਅਫ਼ਸਰ**: ਇਸ ਵਿੱਚ ਕੋਈ ਵੀ "ਜਨਰਲ ਅਥਾਰਟੀ ਵਾਸ਼ਿੰਗਟਨ ਪੀਸ ਅਫ਼ਸਰ," "ਲਿਮਿਟੇਡ ਅਥਾਰਟੀ ਵਾਸ਼ਿੰਗਟਨ ਪੀਸ ਅਫ਼ਸਰ," ਅਤੇ "ਵਿਸ਼ੇਸ਼ ਤੌਰ 'ਤੇ ਕਮਿਸ਼ਨਡ ਵਾਸ਼ਿੰਗਟਨ ਪੀਸ ਅਫ਼ਸਰ" ਸ਼ਾਮਲ ਹਨ, ਇਸ ਦੀਆਂ ਸ਼ਰਤਾਂ RCW 10.93.020 ਵਿੱਚ ਪਰਿਭਾਸ਼ਿਤ ਕੀਤੀਆਂ ਗਈਆਂ ਹਨ। "ਪੀਸ ਅਫ਼ਸਰ" ਵਿੱਚ ਕੋਈ ਜੇਲ ਦਾ ਅਫ਼ਸਰ ਜਾਂ ਜੇਲ, ਕਰੈਕਸ਼ਨਲ ਜਾਂ ਡਿਟੈਨਸ਼ਨ ਦਫ਼ਤਰ ਦੇ ਹੋਰ ਕਰਮਚਾਰੀ ਸ਼ਾਮਲ ਨਹੀਂ ਹੁੰਦਾ ਹੈ, ਪਰ ਇਸ ਵਿੱਚ ਕੋਈ ਵੀ ਕਮਿਊਨਿਟੀ ਕਰੈਕਸ਼ਨਲ ਅਫ਼ਸਰ ਸ਼ਾਮਲ ਹੁੰਦਾ ਹੈ। (RCW 10.120.010). ਇਸ ਨੀਤੀ ਵਿੱਚ ਪੀਸ ਅਫ਼ਸਰਾਂ ਨੂੰ ਅਫ਼ਸਰ ਵਜੋਂ ਸੰਬੋਧਿਤ ਕੀਤਾ ਗਿਆ ਹੈ।

(13) **ਸਰੀਰਕ ਬਲ**: ਕੋਈ ਅਜਿਹੀ ਕਾਰਵਾਈ ਜਿਸ ਨਾਲ ਸਰੀਰਕ ਦਰਦ ਜਾਂ ਸੱਟ ਲੱਗ ਸਕਦੀ ਹੈ ਜਾਂ ਕਿਸੇ ਵਿਅਕਤੀ ਦੀ ਹਲਚਲ ਨੂੰ ਮਜਬੂਰ, ਕੰਟਰੋਲ, ਸੀਮਿਤ ਕਰਨ ਜਾਂ ਰੋਕਣ ਲਈ ਵਿਅਕਤੀ ਦੇ ਸਰੀਰ ਉੱਤੇ ਕੀਤੀ ਗਈ ਕੋਈ ਹੋਰ ਕਾਰਵਾਈ। ਸਰੀਰਕ ਬਲ ਵਿੱਚ ਤਲਾਸ਼ੀ ਲੈਣਾ, ਇਤਫ਼ਾਕ ਨਾਲ ਛੂਹਣਾ, ਜ਼ੁਬਾਨੀ ਹੁਕਮ ਦੇਣਾ, ਜਾਂ ਅਨੁਰੂਪ ਹੱਥਕੜੀ ਸ਼ਾਮਲ ਨਹੀਂ ਹੈ ਜਿਸ ਨਾਲ ਕੋਈ ਸਰੀਰਕ ਦਰਦ ਜਾਂ ਸੱਟ ਨਹੀਂ ਲਗਦੀ ਹੈ। (RCW 10.120.010).

(14) **ਪ੍ਰੋਜੈਕਟਾਈਲ ਇਮਪੈਕਟ ਵੈਪਨ**: ਇਹ ਇੱਕ ਘੱਟ ਘਾਤਕ ਹਥਿਆਰ ਹੁੰਦਾ ਹੈ ਜੋ ਕਿਸੇ ਵਿਅਕਤੀ ਨੂੰ ਅਸਥਾਈ ਤੌਰ 'ਤੇ ਅਯੋਗ ਬਣਾਉਣ ਲਈ ਤਿਆਰ ਕੀਤੇ ਗਏ 40mm ਸਪੰਜ ਜਾਂ ਫੋਮ ਰਾਉਂਡ, ਪੇਪਰਬਾਲ ਜਾਂ ਉਸ ਵਰਗੇ ਪ੍ਰਜੈਕਟਾਈਲ, ਬਲਾਸਟ ਬਾਲ ਜਾਂ ਬੀਨ ਬੈਗ ਵਰਗੇ ਪ੍ਰੋਜੈਕਟਾਈਲਾਂ ਨੂੰ ਫਾਇਰ ਕਰਦਾ ਹੈ।

(15) **ਪੁਜੀਸ਼ਨਲ ਅਸਫਾਈਕਸਿਆ**: ਵਿਅਕਤੀ ਦੇ ਸਰੀਰ ਦਾ ਕਿਸੇ ਅਜਿਹੀ ਸਥਿਤੀ ਵਿੱਚ ਆਉਣਾ, ਜਿਸ ਨਾਲ ਉਸਦੀ ਸਾਹ ਨਲੀ 'ਤੇ ਦਬਾਅ ਪੈਣ ਅਤੇ ਖੁੱਲ੍ਹ ਕੇ ਸਾਹ ਨਾ ਆਉਣ ਕਾਰਨ, ਖੂਨ ਵਿੱਚ ਆਕਸੀਜਨ ਦੀ ਕਮੀ ਅਤੇ/ਜਾਂ ਖੂਨ ਵਿੱਚ ਕਾਰਬਨ ਡਾਈਆਕਸਾਈਡ ਦਾ ਬਹੁਤ ਜ਼ਿਆਦਾ ਵਾਧਾ ਹੋਣ ਨਾਲ ਬੇਹੋਸ਼ੀ ਜਾਂ ਮੌਤ ਹੋਣਾ।

(16) **ਅੱਥਰੂ ਗੈਸ**: ਕਲੋਰੋਏਸੀਟੋਫੇਨੋਨ (CN), ਓ-ਕਲੋਰੋਬੈਂਜ਼ਾਈਲਾਈਡੀਨ ਮਲੋਨੋਨਿਟ੍ਰਾਇਲ (CS), ਅਤੇ ਉਸ ਵਰਗੇ ਹੋਰ ਰਸਾਇਣ ਹਵਾ ਜੋ ਅਸਥਾਈ ਸਰੀਰਕ ਬੇਅਰਾਮੀ ਜਾਂ ਸਥਾਈ ਸੱਟ ਪੈਦਾ ਕਰਨ ਦੇ ਉਦੇਸ਼ ਲਈ ਹਵਾ ਵਿੱਚ ਛੱਡੇ ਜਾਂਦੇ ਹਨ। "ਅੱਥਰੂ ਗੈਸ" ਵਿੱਚ ਓਲੀਓਰੇਸਿਨ ਕੈਪਸਿਕਮ (OC) ਸ਼ਾਮਲ ਨਹੀਂ ਹੈ। (RCW 10.116.030).

(17) **ਹਾਲਾਤਾਂ ਦੀ ਸੰਪੂਰਨ ਜਾਣਕਾਰੀ**: ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਅਤੇ ਉਸ ਸਮੇਂ ਅਫ਼ਸਰ ਨੂੰ ਗਿਆਤ ਸਾਰੇ ਤੱਥ, ਅਤੇ ਇਸ ਵਿੱਚ ਉਸ ਵਿਅਕਤੀ ਦੀਆਂ ਹਰਕਤਾਂ, ਜਿਸ ਦੇ ਵਿਰੁੱਧ ਅਫ਼ਸਰ ਬਲ ਦੀ ਵਰਤੋਂ ਕਰਦਾ ਹੈ, ਅਤੇ ਅਧਿਕਾਰੀ ਦੀਆਂ ਕਾਰਵਾਈਆਂ ਵੀ ਸ਼ਾਮਲ ਹਨ। (RCW 10.120.010).

(18) **ਗਲਤ ਕੰਮ:** ਉਹ ਵਤੀਰਾ ਜੋ ਕਨੂੰਨ ਦੇ ਉਲਟ ਜਾਂ ਗਵਾਹ ਅਫ਼ਸਰ ਦੀ ਏਜੰਸੀ ਦੀਆਂ ਨੀਤੀਆਂ ਦੇ ਉਲਟ ਹੋਵੇ, ਬਸ਼ਰਤੇ ਕਿ ਵਤੀਰਾ ਬਹੁਤ ਘੱਟ ਜ਼ਰੂਰੀ ਜਾਂ ਤਕਨੀਕੀ ਰੂਪ ਵਿੱਚ ਨਾ ਹੋਵੇ। (RCW 10.93.190).

# ਮਹੱਤਵਪੂਰਨ ਸਿਧਾਂਤ

**ਹਰ ਮਨੁੱਖੀ ਜੀਅ ਦੀ ਰਾਖੀ ਅਤੇ ਸੁਰੱਖਿਆ ਕਰਨਾ ਕਾਨੂੰਨ ਲਾਗੂ ਕਰਨ ਵਾਲੇ ਅਫ਼ਸਰ ਦਾ ਬੁਨਿਆਦੀ ਫਰਜ਼ ਹੈ।** (RCW 10.120.010). **ਅਫ਼ਸਰਾਂ ਨੂੰ ਸਾਰੇ ਵਿਅਕਤੀਆਂ ਦੀ ਇੱਜ਼ਤ ਅਤੇ ਸਨਮਾਨ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਆਪਣੇ ਅਧਿਕਾਰ ਦੀ ਵਰਤੋਂ ਪੱਖਪਾਤ ਕੀਤੇ ਬਿਨਾਂ ਕਰਨੀ ਚਾਹੀਦੀ ਹੈ।**

**ਪੁਲਿਸ ਵਿਵਸਥਾ ਨੂੰ ਨਿਰਪੱਖ ਰੂਪ ਵਿੱਚ ਚਲਾਉਣਾ ਯਕੀਨੀ ਬਣਾਉਣ ਅਤੇ ਭਾਈਚਾਰੇ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਬਲ ਦੀ ਸਹੀ ਵਰਤੋਂ ਕਰਨਾ ਜ਼ਰੂਰੀ ਹੈ। ਹਾਲਾਂਕਿ ਅਜਿਹੀਆਂ ਸਥਿਤੀਆਂ ਵੀ ਆ ਸਕਦੀਆਂ ਹਨ ਜਿੱਥੇ ਵਿਅਕਤੀ ਕਾਨੂੰਨ ਦੀ ਪਾਲਣਾ ਨਹੀਂ ਕਰਨਗੇ ਜਦੋਂ ਤੱਕ ਕਿ ਅਫ਼ਸਰਾਂ ਦੁਆਰਾ ਬਲ ਦੀ ਵਰਤੋਂ ਕਰਕੇ ਉਹਨਾਂ ਨੂੰ ਅਜਿਹਾ ਕਰਨ ਲਈ ਮਜ਼ਬੂਰ ਜਾਂ ਕੰਟਰੋਲ ਨਹੀਂ ਕੀਤਾ ਜਾਂਦਾ, ਅਧਿਕਾਰੀਆਂ ਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਉਹ ਆਪਣੇ ਅਧਿਕਾਰ ਭਾਈਚਾਰੇ ਤੋਂ ਪ੍ਰਾਪਤ ਕਰਦੇ ਹਨ ਅਤੇ ਇਹ ਗੈਰ-ਵਾਜਬ ਬਲ ਦੀ ਵਰਤੋਂ ਉਸ ਅਧਿਕਾਰ ਦੀ ਯੋਗਤਾ ਨੂੰ ਘਟਾਉਂਦੀ ਹੈ।**

# ਹਰ ਕਿਸਮ ਦੇ ਸਰੀਰਕ ਬਲ ਦੇ ਉਪਯੋਗ ਨੂੰ ਨਿਯੰਤਰਿਤ ਕਰਨ ਵਾਲੀਆਂ ਗੱਲਾਂ

## ਮਹੱਤਵਪੂਰਨ ਫੈਸਲੇ ਲੈਣਾ

(1) ਮਹੱਤਵਪੂਰਨ ਫੈਸਲੇ ਲੈਣ ਦੀ ਯੋਗਤਾ ਅਫ਼ਸਰਾਂ ਨੂੰ ਇਸ ਨੀਤੀ ਵਿੱਚ ਦਰਸਾਈਆਂ ਗਈਆਂ ਉਮੀਦਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ। ਜਦੋਂ ਸੁਰੱਖਿਅਤ ਅਤੇ ਸੰਭਵ ਹੁੰਦਾ ਹੈ, ਜਨਤਾ ਦੇ ਕਿਸੇ ਮੈਂਬਰ ਨਾਲ ਸੰਪਰਕ ਕਰਨ ਵੇਲੇ, ਜਾਂ ਸੰਪਰਕ ਕਰਨ ਬਾਰੇ ਵਿਚਾਰ ਕਰਦੇ ਹੋਏ, ਅਫ਼ਸਰ ਨੂੰ ਇਹ ਕਰਨਾ ਚਾਹੀਦਾ ਹੈ:

- (a) ਮੌਕੇ 'ਤੇ ਪਹੁੰਚਣ ਤੋਂ ਪਹਿਲਾਂ ਉਪਲਬਧ ਤੱਥਾਂ ਦੇ ਨਾਲ ਮੁਲਾਂਕਣ ਅਤੇ ਯੋਜਨਾਬੰਦੀ ਸ਼ੁਰੂ ਕਰੋ;
- (b) ਲੋੜ ਅਨੁਸਾਰ ਉਪਲਬਧ ਸਰੋਤਾਂ ਲਈ ਬੇਨਤੀ ਕਰੋ, ਜਿਵੇਂ ਕਿ ਸੰਕਟਕਾਲੀਨ ਸਹਾਇਤਾ ਟੀਮ ਜਾਂ ਕੋਈ ਹੋਰ ਢੁੱਕਵਾਂ ਵਿਸ਼ੇਸ਼ਤਾ ਯੂਨਿਟ ਜਾਂ ਪੇਸ਼ੇਵਰ;
- (c) ਮੌਕੇ 'ਤੇ ਹੋਣ ਵੇਲੇ ਜਾਣਕਾਰੀ ਇਕੱਠੀ ਕਰੋ;
- (d) ਹਾਲਾਤਾਂ, ਧਮਕੀਆਂ ਅਤੇ ਜੋਖਮਾਂ ਦਾ ਮੁਲਾਂਕਣ ਕਰੋ;
- (e) ਵਿਵਾਦ ਦੇ ਹੱਲ ਲਈ ਵਿਕਲਪਾਂ ਦੀ ਪਛਾਣ ਕਰੋ;
- (f) ਕਾਰਵਾਈ ਦਾ ਕੋਈ ਵਾਜਬ ਤਰੀਕਾ ਨਿਰਧਾਰਤ ਕਰੋ; ਅਤੇ
- (g) ਹਾਲਾਤ ਵਿੱਚ ਕੋਈ ਵਿਕਾਸ ਹੋਣ 'ਤੇ ਹਾਲਤ ਦੀ ਸਮੀਖਿਆ ਕਰੋ ਅਤੇ ਦੁਬਾਰਾ ਮੁਲਾਂਕਣ ਕਰੋ।

(2) ਇਸ ਨੀਤੀ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜੋ ਅਫ਼ਸਰਾਂ ਨੂੰ ਇੱਕ ਸਰਗਰਮ ਸ਼ੂਟਰ ਵਰਗੀ ਜਾਨਲੇਵਾ ਸਥਿਤੀ ਦਾ ਸਾਹਮਣਾ ਕਰਨ ਵੇਲੇ ਤੁਰੰਤ ਕਾਰਵਾਈ ਕਰਨ ਤੋਂ ਰੋਕਦਾ ਹੈ। ਜਦੋਂ ਸੁਰੱਖਿਅਤ ਅਤੇ ਸੰਭਵ ਹੁੰਦਾ ਹੈ, ਤਾਂ ਅਫ਼ਸਰਾਂ ਨੂੰ ਰਣਨੀਤਕ ਫੈਸਲਿਆਂ ਦੁਆਰਾ ਆਪਣੀ ਸੁਰੱਖਿਆ ਜਾਂ ਦੂਸਰਿਆਂ ਦੀ ਸੁਰੱਖਿਆ ਨੂੰ ਖਤਰੇ ਵਿੱਚ ਨਹੀਂ ਪਾਉਣਾ ਚਾਹੀਦਾ, ਜਿਸ ਕਾਰਨ ਖੁਦ ਉਹਨਾਂ ਲਈ ਜਾਂ ਦੂਜਿਆਂ ਲਈ ਕੋਈ ਗੈਰ-ਵਾਜਬ ਜੋਖਮ ਹੋ ਜਾਵੇ, ਪਰ ਇਹ ਇੱਥੇ ਤੱਕ ਹੀ ਸੀਮਿਤ ਨਹੀਂ ਹੈ:

- (a) ਮੌਕੇ ਦਾ ਸਹੀ ਮੁਲਾਂਕਣ ਕੀਤੇ ਬਿਨਾਂ ਕਿਸੇ ਵਿਅਕਤੀ ਦੇ ਕੋਲ ਤੁਰੰਤ ਪਹੁੰਚਣਾ;
- (b) ਅਫ਼ਸਰ ਅਤੇ ਵਿਅਕਤੀ ਵਿਚਕਾਰ ਬਹੁਤ ਘੱਟ ਥਾਂ ਛੱਡਣਾ;
- (c) ਹੁਕਮਾਂ ਦੀ ਪਾਲਣਾ ਕਰਨ ਲਈ ਵਿਅਕਤੀ ਨੂੰ ਸਮਾਂ ਨਾ ਦੇਣਾ;
- (d) ਸਥਿਤੀ ਨੂੰ ਬਿਨਾਂ ਕਿਸੇ ਗੱਲੋਂ ਵਧਾਉਣਾ।

## ਡੀ-ਐਸਕੇਲੇਸ਼ਨ

**ਮੁੱਖ ਸਿਧਾਂਤ: ਡੀ-ਏਸਕੇਲੇਟ ਕਰਨ ਦੀ ਡਿਊਟੀ**

**ਜਦੋਂ ਵੀ ਸੰਭਵ ਹੋਵੇ, ਅਫ਼ਸਰਾਂ ਨੂੰ ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਰੀਆਂ ਉਪਲਬਧ ਅਤੇ ਢੁੱਕਵੀਆਂ ਡੀ-ਏਸਕੇਲੇਸ਼ਨ ਰਣਨੀਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।** (RCW 10.120.020 [2022 c 4 §3]).

(1) ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਅਧਿਕਾਰੀਆਂ ਕੋਲ ਚੁਣਨ ਲਈ ਬਹੁਤ ਸਾਰੀਆਂ ਡੀ-ਏਸਕੇਲੇਸ਼ਨ ਰਣਨੀਤੀਆਂ ਹੁੰਦੀਆਂ ਹਨ, ਜਿਸ ਵਿੱਚ ਨਿਮਨਲਿਖਤ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:

- (a) ਦੂਰੀ ਅਤੇ ਕਵਰ ਨੂੰ ਬਰਕਰਾਰ ਰੱਖਣ ਲਈ ਰਣਨੀਤਕ ਸਥਿਤੀ ਅਤੇ ਆਪਣਾ ਸਥਾਨ ਬਦਲਣ ਵਾਲੀ ਰਣਨੀਤੀ ਦੀ ਵਰਤੋਂ ਕਰਨਾ, ਜਿਵੇਂ ਕਿ ਦੁਬਾਰਾ ਮੁਲਾਂਕਣ ਕਰਨ ਲਈ ਵਿਅਕਤੀ ਕੋਲੋਂ ਪਿੱਛੇ ਹਟਣਾ ਅਤੇ ਇਹ ਨਿਰਧਾਰਤ ਕਰਨ ਕਿ ਕਿਹੜੀਆਂ ਰਣਨੀਤੀਆਂ ਦੀ ਵਰਤੋਂ ਕਰਨੀ ਹੈ;
- (b) ਅਫ਼ਸਰਾਂ ਅਤੇ ਵਿਅਕਤੀ ਵਿਚਕਾਰ ਢਾਲ ਜਾਂ ਹੋਰ ਸੁਰੱਖਿਆ ਪ੍ਰਦਾਨ ਕਰਨ ਲਈ ਰੁਕਾਵਟਾਂ ਲਗਾਉਣਾ ਜਾਂ ਮੌਜੂਦਾ ਢਾਂਚੇ ਦੀ ਵਰਤੋਂ ਕਰਨਾ;
- (c) ਵਿਵਾਦ ਨੂੰ ਸੁਰੱਖਿਅਤ ਢੰਗ ਨਾਲ ਹੱਲ ਕਰਨ ਦੀ ਸੰਭਾਵਨਾ ਨੂੰ ਵਧਾਉਣ ਲਈ ਵਾਧੂ ਸਰੋਤਾਂ ਬਾਰੇ ਵਿਚਾਰ ਕਰਨ ਅਤੇ ਉਹਨਾਂ ਦੀ ਆਉਣ ਤੱਕ ਹਾਲਤ ਨੂੰ ਹੌਲੀ ਜਾਂ ਸਥਿਰ ਕਰਨ ਦੀ ਕੋਸ਼ਿਸ਼ ਕਰਨਾ;
- (d) ਉਪਲਬਧ ਸਹਾਇਤਾ ਅਤੇ ਸਰੋਤਾਂ ਲਈ ਬੇਨਤੀ ਕਰਨਾ ਅਤੇ ਉਹਨਾਂ ਨੂੰ ਵਰਤਣਾ, ਜਿਵੇਂ ਕਿ ਸੰਕਟਕਾਲੀਨ ਸਹਾਇਤਾ ਟੀਮ, ਮਨੋਨੀਤ ਸੰਕਟਕਾਲੀਨ ਰਿਸਪੋਂਡਰ, ਹੋਰ ਵਿਵਹਾਰਕ ਸਿਹਤ ਪ੍ਰਦਾਤਾ, ਜਾਂ ਬੈਕ-ਅੱਪ ਅਫ਼ਸਰ, ਇਸ ਵਿੱਚ ਵਧੇਰੇ ਤਜਰਬੇਕਾਰ ਅਫ਼ਸਰ ਜਾਂ ਸੁਪਰਵਾਈਜ਼ਰ ਵੀ ਸ਼ਾਮਲ ਹਨ;
- (e) ਸਪਸ਼ਟ ਨਿਰਦੇਸ਼ਾਂ ਦੀ ਵਰਤੋਂ ਕਰਨਾ ਅਤੇ ਗੱਲ ਕਰਕੇ ਮਨਾਉਣ ਦੀ ਕੋਸ਼ਿਸ਼ ਕਰਨਾ;
- (f) ਕਿਸੇ ਵਿਅਕਤੀ ਨੂੰ ਸ਼ਾਂਤ ਕਰਨ ਲਈ ਜ਼ੁਬਾਨੀ ਅਤੇ ਗੈਰ-ਜ਼ੁਬਾਨੀ ਸੰਚਾਰ ਤਕਨੀਕਾਂ ਦੀ ਵਰਤੋਂ ਕਰਨਾ (ਜਿਵੇਂ ਕਿ ਆਰਾਮ ਨਾਲ ਬੋਲਣਾ, ਟੋਨ ਅਤੇ ਸਰੀਰ ਦੀ ਭਾਸ਼ਾ ਨੂੰ ਨਿਯੰਤ੍ਰਿਤ ਕਰਨਾ, ਬਾਹਾਂ ਨੂੰ ਢਿੱਲਾ ਛੱਡਣਾ, ਹੱਥਾਂ ਨਾਲ ਘੱਟ ਇਸ਼ਾਰੇ ਕਰਨਾ ਅਤੇ ਚਮਕਦਾਰ, ਫਲੈਸ਼ਿੰਗ ਲਾਈਟਾਂ ਅਤੇ ਸਾਇਰਨ ਨੂੰ ਘਟਾਉਣਾ);

(g) ਦੋਂ ਜ਼ੁਬਾਨੀ ਨਿਰਦੇਸ਼ ਨਾਕਾਫ਼ੀ ਪੈ ਜਾਂਦੇ ਹਨ ਤਾਂ ਗੈਰ-ਜ਼ੁਬਾਨੀ ਤਰੀਕਿਆਂ ਨਾਲ ਸੰਚਾਰ ਕਰਨ ਦੀ ਕੋਸ਼ਿਸ਼ ਕਰਨਾ (ਜਿਵੇਂ ਕਿ, ਜਦੋਂ ਵਿਅਕਤੀ ਅਤੇ ਅਫ਼ਸਰ ਵੱਖ-ਵੱਖ ਭਾਸ਼ਾਵਾਂ ਬੋਲਦੇ ਹਨ, ਜਾਂ ਵਿਅਕਤੀ ਨਿਰਦੇਸ਼ਾਂ ਨੂੰ ਸੁਣਨ ਜਾਂ ਸਮਝਣ ਦੇ ਯੋਗ ਨਹੀਂ ਹੈ);

(h) ਅਜਿਹੇ ਤਰੀਕੇ ਨਾਲ ਸੰਚਾਰ ਕਰਨਾ ਜੋ ਲੋਕਾਂ ਦੀ ਇੱਜ਼ਤ ਲਈ ਸਤਿਕਾਰ ਦਰਸ਼ਾਉਂਦਾ ਹੋਵੇ (ਜਿਵੇਂ ਕਿ, ਅਫ਼ਸਰ ਦੀਆਂ ਕਾਰਵਾਈਆਂ ਅਤੇ ਉਮੀਦਾਂ ਨੂੰ ਸਪਸ਼ਟ ਤੌਰ 'ਤੇ ਸਮਝਾਉਣਾ; ਵਿਅਕਤੀ ਦੇ ਸਵਾਲਾਂ ਅਤੇ ਚਿੰਤਾਵਾਂ ਨੂੰ ਸੁਣਨਾ ਅਤੇ ਸਤਿਕਾਰ ਨਾਲ ਜਵਾਬ ਦੇਣਾ; ਅਤੇ ਫੈਸਲੇ ਲੈਣ ਵੇਲੇ ਨਿਰਪੱਖ ਰਹਿਣਾ);

(i) ਜਦੋਂ ਕਈ ਅਫ਼ਸਰ ਮੌਜੂਦ ਹੁੰਦੇ ਹਨ, ਤਾਂ ਆਪਸ ਵਿੱਚ ਭਿੜਨ ਜਾਂ ਉਲਝਣ ਭਰੇ ਨਿਰਦੇਸ਼ ਦੇਣ ਤੋਂ ਬਚਣ ਲਈ ਇੱਕ ਅਫ਼ਸਰ ਨੂੰ ਸੰਚਾਰ ਕਰਨ ਲਈ ਨਿਯੁਕਤ ਕਰਨਾ ਜਾਂ;

(j) ਸਰੀਰਕ ਬਲ ਦੀ ਵਰਤੋਂ ਕੀਤੇ ਬਿਨਾਂ ਮੁੱਦੇ ਨੂੰ ਹੱਲ ਕਰਨ ਲਈ ਲੋੜੀਂਦਾ ਸਮਾਂ ਪ੍ਰਦਾਨ ਕਰਨ ਲਈ ਸਾਰੀਆਂ ਉਪਲਬਧ ਅਤੇ ਢੁੱਕਵੀਆਂ ਰਣਨੀਤੀਆਂ ਅਤੇ ਸਰੋਤਾਂ ਦੀ ਵਰਤੋਂ ਕਰਦੇ ਹੋਏ ਸਬਰ ਨਾਲ ਕੰਮ ਲੈਣਾ।

## ਵਾਜਬ ਦੇਖਭਾਲ

**ਮੁੱਖ ਸਿਧਾਂਤ: ਵਾਜਬ ਦੇਖਭਾਲ ਦੀ ਵਰਤੋਂ ਕਰਨ ਦੀ ਡਿਊਟੀ**

**ਸਰੀਰਕ ਬਲ ਦੀ ਵਰਤੋਂ ਕਰਨੀ ਹੈ ਜਾਂ ਘਾਤਕ ਬਲ ਦੀ, ਇਹ ਨਿਰਧਾਰਤ ਕਰਦੇ ਸਮੇਂ ਕਿ ਲੋਕਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਸਥਿਤੀਆਂ 'ਤੇ ਵਿਚਾਰ ਕਰੋ, ਇਸ ਵਿੱਚ ਬੱਚੇ, ਬਜ਼ੁਰਗ ਵਿਅਕਤੀ, ਗਰਭਵਤੀ ਔਰਤਾਂ, ਸੀਮਿਤ ਅੰਗਰੇਜ਼ੀ ਬੋਲਣ ਵਾਲੇ ਲੋਕ ਅਤੇ ਮਾਨਸਿਕ, ਵਿਵਹਾਰਕ, ਸਰੀਰਕ, ਅਤੇ ਬੋਧਿਕ ਕਮਜ਼ੋਰੀਆਂ ਜਾਂ ਅਪਾਹਜਤਾ ਵਾਲੇ ਲੋਕ ਸ਼ਾਮਲ ਹਨ, ਅਤੇ ਜੇਕਰ ਲੋੜ ਪਵੇ, ਤਾਂ ਕਨੂੰਨੀ ਉਦੇਸ਼ ਨੂੰ ਲਾਗੂ ਕਰਨ ਲਈ ਘੱਟ ਤੋਂ ਘੱਟ ਸੰਭਵ ਸਰੀਰਕ ਬਲ ਦਾ ਇਸਤੇਮਾਲ ਕਰੋ।** (RCW 10.120.020).

**ਮੁੱਖ ਸਿਧਾਂਤ: ਭਾਈਚਾਰੇ ਦੀ ਦੇਖਭਾਲ ਕਰਨ ਵਾਲੇ ਕਾਰਜ ਕਰੋ**

**ਇਸ ਨੀਤੀ ਵਿੱਚ ਕੁਝ ਵੀ ਕਿਸੇ ਅਫ਼ਸਰ ਨੂੰ ਭਾਈਚਾਰੇ ਦੀ ਦੇਖਭਾਲ ਜਾਂ ਸਿਹਤ ਅਤੇ ਸੁਰੱਖਿਆ ਦੀ ਰਾਖੀ ਲਈ ਕਾਲ ਦਾ ਜਵਾਬ ਦੇਣ ਅਤੇ ਉਹਨਾਂ ਕਾਰਜਾਂ ਨੂੰ ਕਰਨ ਲਈ ਢੁੱਕਵੀਂ ਅਤੇ ਘੱਟ ਤੋਂ ਘੱਟ ਮਾਤਰਾ ਵਿੱਚ ਸਰੀਰਕ ਬਲ ਦੀ ਵਰਤੋਂ ਕਰਨ ਦੀ ਯੋਗਤਾ ਨੂੰ ਸੀਮਿਤ ਕਰਦਾ ਜਾਂ ਰੋਕਦਾ ਨਹੀਂ ਹੈ।** (RCW 10.120.020 [2022 c 4 §3]). ਸਰੀਰਕ ਬਲ ਦੀ ਵਰਤੋਂ ਕਰਨ ਲਈ ਉਹੀ ਮਾਪਦੰਡ ਲਾਗੂ ਹੁੰਦੇ ਹਨ। ਹਾਲਾਂਕਿ, ਕਿਸੇ ਨੂੰ ਇਤਫ਼ਾਕ ਨਾਲ ਛੂਹਣਾ, ਜੋ ਕਿ ਭਾਈਚਾਰੇ ਦੀ ਦੇਖਭਾਲ ਕਰਨ ਦੌਰਾਨ ਹੋ ਸਕਦਾ ਹੈ, ਨੂੰ ਸਰੀਰਕ ਬਲ ਨਹੀਂ ਮੰਨਿਆ ਗਿਆ ਹੈ।

ਵਾਜਬ ਦੇਖਭਾਲ ਦਾ ਮਤਲਬ ਹੈ ਕਿ ਅਫ਼ਸਰ ਨਿਮਨਲਿਖਤ ਕਰ ਸਕਦਾ ਹੈ:

(1) ਜਦੋਂ ਵੀ ਸੰਭਵ ਹੋਵੇ, ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਰੀਆਂ ਉਪਲਬਧ ਅਤੇ ਢੁੱਕਵੀਆਂ ਡੀ-ਏਸਕੇਲੇਸ਼ਨ ਰਣਨੀਤੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ। (RCW 10.120.010 [2022 c 4 §3].

(2) ਕਿਸੇ ਵਿਅਕਤੀ ਦੇ ਵਿਰੁੱਧ ਸਰੀਰਕ ਬਲ ਜਾਂ ਘਾਤਕ ਬਲ ਦੀ ਵਰਤੋਂ ਕਰਨੀ ਹੈ ਜਾਂ ਨਹੀਂ, ਇਹ ਨਿਰਧਾਰਤ ਕਰਨ ਲਈ ਉਸ ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਅਤੇ ਸਥਿਤੀਆਂ 'ਤੇ ਵਿਚਾਰ ਕਰੋ ਅਤੇ ਜੇਕਰ ਸਰੀਰਕ ਬਲ ਦੀ ਲੋੜ ਪੈਂਦੀ ਹੈ, ਤਾਂ ਕਨੂੰਨੀ ਉਦੇਸ਼ ਨੂੰ ਲਾਗੂ ਕਰਨ ਲਈ ਢੁੱਕਵਾਂ ਅਤੇ ਘੱਟ ਤੋਂ ਘੱਟ ਸੰਭਵ ਸਰੀਰਕ ਬਲ ਦਾ ਇਸਤੇਮਾਲ ਕਰੋ। ਅਜਿਹੀਆਂ ਵਿਸ਼ੇਸ਼ਤਾਵਾਂ ਅਤੇ ਸਥਿਤੀਆਂ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ, ਉਦਾਹਰਨ ਲਈ, ਕੀ ਮਹਿਲਾ:

   (a) ਪ੍ਰਤੱਖ ਤੌਰ 'ਤੇ ਗਰਭਵਤੀ ਹੈ, ਜਾਂ ਦੱਸ ਰਹੀ ਹੈ ਕਿ ਉਹ ਗਰਭਵਤੀ ਹੈ;

   (b) ਨਾਬਾਲਗ ਹੈ, ਨਿਰਪੱਖ ਤੌਰ 'ਤੇ ਨਾਬਾਲਗ ਜਾਪ ਰਿਹਾ ਹੈ, ਜਾਂ ਕਹਿ ਰਿਹਾ/ਰਹੀ ਹੈ ਕਿ ਉਹ ਨਾਬਾਲਗ ਹਨ;

   (c) RCW 74.34.020 ਵਿੱਚ ਪਰਿਭਾਸ਼ਾ ਅਨੁਸਾਰ, ਕਮਜ਼ੋਰ ਬਾਲਗ ਹੈ, ਜਾਂ ਨਿਰਪੱਖ ਤੌਰ 'ਤੇ ਇੱਕ ਕਮਜ਼ੋਰ ਬਾਲਗ ਜਾਪ ਰਿਹਾ/ਰਹੀ ਹੈ;

   (d) ਮਾਨਸਿਕ, ਵਿਹਾਰਕ, ਬੌਧਿਕ, ਵਿਕਾਸ ਸੰਬੰਧੀ ਜਾਂ ਸਰੀਰਕ ਕਮਜ਼ੋਰੀਆਂ ਜਾਂ ਅਪਾਹਜਤਾ ਦੇ ਸੰਕੇਤ ਪ੍ਰਦਰਸ਼ਿਤ ਕਰਦਾ ਹੈ;

   (e) ਸ਼ਰਾਬ, ਨਸ਼ੀਲੇ ਪਦਾਰਥਾਂ, ਹੈਲੂਸੀਨੇਸ਼ਨ ਪੈਦਾ ਕਰਨ ਵਾਲੀਆਂ ਜਾਂ ਹੋਰ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਾਰਨ ਸੋਚਣ-ਸਮਝਣ ਦੀ ਸਮਰੱਥਾ ਜਾਂ ਬੋਧਾਤਮਕ ਕਮਜ਼ੋਰੀਆਂ ਦਾ ਅਨੁਭਵ ਕਰ ਰਿਹਾ ਹੈ;

   (f) ਆਤਮ ਹੱਤਿਆ ਕਰਨ ਦੀ ਸਥਿਤੀ ਵਿੱਚ ਹੈ; ਜਾਂ

   (g) ਸੀਮਿਤ ਅੰਗ੍ਰੇਜ਼ੀ ਬੋਲਦਾ ਜਾਂ ਸਮਝਦਾ ਹੈ; ਜਾਂ

   (h) ਬੱਚਿਆਂ ਦੀ ਮੌਜੂਦਗੀ ਵਿੱਚ ਹੈ। (RCW 10.120.020).

(3) ਜਿਵੇਂ ਹੀ ਸਰੀਰਕ ਬਲ ਦੀ ਜ਼ਰੂਰਤ ਖਤਮ ਹੋ ਜਾਂਦੀ ਹੈ, ਸਰੀਰਕ ਬਲ ਦੀ ਵਰਤੋਂ ਕਰਨਾ ਬੰਦ ਕਰ ਦਿਓ। (RCW 10.120.020).

# ਸਰੀਰਕ ਬਲ ਦੀ ਵਰਤੋਂ ਲੋੜੀਂਦੀ ਅਤੇ ਕਨੂੰਨੀ ਉਦੇਸ਼ ਦੇ ਲਈ ਹੋਣੀ ਚਾਹੀਦੀ ਹੈ

**ਮੁੱਖ ਸਿਧਾਂਤ: ਹਾਲਾਤਾਂ ਦੇ ਅਨੁਸਾਰ ਕਾਨੂੰਨ ਲਾਗੂ ਕਰਨ ਦੇ ਉਦੇਸ਼ ਨੂੰ ਸੁਰੱਖਿਅਤ ਢੰਗ ਨਾਲ ਪੂਰਾ ਕਰਨ ਲਈ ਸਿਰਫ਼ ਲੋੜ ਅਨੁਸਾਰ ਘੱਟ ਤੋਂ ਘੱਟ ਬਲ ਦੀ ਵਰਤੋਂ ਕਰੋ।** (RCW 10.120.020).

ਕਾਨੂੰਨ ਲਾਗੂ ਕਰਨ ਵਾਲੇ ਹਾਲਾਤ ਤੇਜ਼ੀ ਨਾਲ ਵਿਕਸਤ ਹੁੰਦੇ ਹਨ ਅਤੇ ਸਥਿਰ ਨਹੀਂ ਹੁੰਦੇ ਹਨ। ਇਸ ਲਈ, ਸਰੀਰਕ ਬਲ ਦੀ ਵਰਤੋਂ ਕਰਨ ਦੀ ਸੰਭਾਵਨਾ ਨੂੰ ਘਟਾਉਣ ਲਈ, ਅਫ਼ਸਰਾਂ ਨੂੰ ਉਹਨਾਂ ਦੀਆਂ ਰਣਨੀਤਕ ਸਥਿਤੀਆਂ ਸਮੇਤ, ਉਹਨਾਂ ਦੀਆਂ ਕਾਰਵਾਈਆਂ ਦੀ ਜ਼ਰੂਰਤ ਅਤੇ ਪ੍ਰਭਾਵਸ਼ੀਲਤਾ ਦਾ ਲਗਾਤਾਰ ਮੁਲਾਂਕਣ ਕਰਨਾ ਚਾਹੀਦਾ ਹੈ।

(1) ਸਰੀਰਕ ਬਲ ਦੀ ਲੋੜ ਸਿਰਫ਼ ਉਦੋਂ ਪੈਣੀ ਚਾਹੀਦੀ ਹੈ ਜਦੋਂ ਕੋਈ ਹੋਰ ਪ੍ਰਭਾਵਸ਼ਾਲੀ ਵਿਕਲਪ ਮੌਜੂਦ ਨਹੀਂ ਹੁੰਦਾ ਹੈ ਅਤੇ ਬਲ ਦੀ ਵਰਤੋਂ ਕਾਨੂੰਨੀ ਉਦੇਸ਼ ਦੇ ਲਈ ਜਾਂ ਅਫ਼ਸਰ ਨੂੰ ਜਾਂ ਹੋਰਾਂ ਨੂੰ, ਪੈਦਾ ਹੋਏ ਖਤਰੇ ਤੋਂ ਬਚਾਉਣ ਲਈ ਵਾਜਬ ਅਤੇ ਢੁੱਕਵੀਂ ਹੋਣੀ ਚਾਹੀਦੀ ਹੈ।

(a) ਵਾਜਬ ਕਾਰਨ ਦਾ ਮੁਲਾਂਕਣ ਹਾਲਾਤਾਂ ਦੀ ਸੰਪੂਰਨ ਜਾਣਕਾਰੀ ਦੇ ਅਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ, ਜਿਸ ਬਾਰੇ ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਅਤੇ ਵਰਤੋਂ ਕਰਨ ਸਮੇਂ ਅਫ਼ਸਰ ਨੂੰ ਪਤਾ ਹੁੰਦਾ ਹੈ, ਇਸ ਵਿੱਚ ਖਤਰੇ ਦੀ ਤਤਕਾਲਤਾ, ਉਸ ਵਿਅਕਤੀ ਦੀਆਂ ਹਰਕਤਾਂ ਜਿਸ ਦੇ ਵਿਰੁੱਧ ਬਲ ਵਰਤਿਆ ਜਾ ਰਿਹਾ ਹੈ, ਅਫ਼ਸਰ ਦੀਆਂ ਕਾਰਵਾਈਆਂ, ਅਤੇ ਕਾਨੂੰਨ ਲਾਗੂ ਕਰਨ ਦੇ ਉਦੇਸ਼ ਦੀ ਗੰਭੀਰਤਾ ਸ਼ਾਮਲ ਹੈ। ਇਹ ਨਿਰਧਾਰਤ ਕਰਨਾ ਕਿ ਸਰੀਰਕ ਬਲ ਵਾਜਬ ਹੈ ਜਾਂ ਨਹੀਂ, ਇਸਦੇ ਲਈ ਇਹ ਮੁਲਾਂਕਣ ਕਰਨਾ ਪੈਂਦਾ ਹੈ ਕਿ ਕੀ ਅਫ਼ਸਰ ਨੇ ਆਪਣੇ ਅਤੇ ਦੂਜਿਆਂ ਲਈ ਜੋਖਮ ਨੂੰ ਘਟਾਉਣ ਲਈ ਰਣਨੀਤਕ ਫੈਸਲੇ ਲਏ ਹਨ, ਜੇ ਸੰਭਵ ਹੈ ਤਾਂ ਕੀ ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਸਾਰੀਆਂ ਉਪਲਬਧ ਅਤੇ ਢੁੱਕਵੀਆਂ ਡੀ-ਐਸਕੇਲੇਸ਼ਨ ਰਣਨੀਤੀਆਂ ਦੀ ਵਰਤੋਂ ਕੀ ਗਈ ਹੈ ਅਤੇ ਕੀ ਸਰੀਰਕ ਬਲ ਦੀ ਵਰਤੋਂ ਕਰਦੇ ਸਮੇਂ ਵਾਜਬ ਦੇਖਭਾਲ ਦੀ ਵਰਤੋਂ ਕੀਤੀ ਸੀ।

(b) ਅਨੁਪਾਤਕਤਾ ਦਾ ਮੁਲਾਂਕਣ ਇਸ ਆਧਾਰ 'ਤੇ ਕੀਤਾ ਜਾਵੇਗਾ ਕਿ ਕੀ ਸਰੀਰਕ ਬਲ ਦੀ ਵਰਤੋਂ, ਅਫ਼ਸਰ ਦੁਆਰਾ ਬਲ ਦੀ ਵਰਤੋਂ ਕਰਦੇ ਸਮੇਂ ਨਜਿੱਠੀ ਜਾ ਰਹੀ ਧਮਕੀ ਜਾਂ ਵਿਰੋਧ ਦੀ ਤਤਕਾਲਤਾ ਅਤੇ ਗੰਭੀਰਤਾ ਦੇ ਨਾਲ-ਨਾਲ ਕਾਨੂੰਨ ਲਾਗੂ ਕਰਨ ਦੇ ਉਦੇਸ਼ ਦੀ ਗੰਭੀਰਤਾ ਦੇ ਅਨੁਰੂਪ ਹੈ ਜਾਂ ਨਹੀਂ। ਘਟਨਾ ਦੇ ਦੌਰਾਨ ਧਮਕੀ ਜਾਂ ਵਿਰੋਧ ਬਦਲ ਸਕਦਾ ਹੈ। ਅਨੁਪਾਤਕ ਬਲ ਦੇ ਲਈ ਅਫ਼ਸਰਾਂ ਨੂੰ ਉਸੇ ਕਿਸਮ ਦੇ ਸਰੀਰਕ ਬਲ ਜਾਂ ਬਲ ਦੀ ਮਾਤਰਾ ਵਰਤੋਂ ਕਰਨ ਦੀ ਲੋੜ ਨਹੀਂ ਹੈ ਜਿਸ ਵੀ ਵਰਤੋਂ ਮੁਲਜ਼ਮ ਕਰ ਰਿਹਾ ਹੈ। ਖਤਰਾ ਜਿੰਨਾ ਜ਼ਿਆਦਾ ਤਤਕਾਲ ਹੁੰਦਾ ਹੈ ਅਤੇ ਖਤਰੇ ਦੇ ਕਾਰਨ ਮੌਤ ਜਾਂ ਗੰਭੀਰ ਸਰੀਰਕ ਸੱਟ ਦੀ ਸੰਭਾਵਨਾ ਜਿੰਨੀ ਜ਼ਿਆਦਾ ਹੁੰਦੀ ਹੈ, ਬਲ ਦਾ ਪੱਧਰ ਵੀ ਉੰਨਾਂ ਹੀ ਵੱਧ ਹੋਵੇਗਾ ਜੋ ਅਨੁਪਾਤਕ ਹੋ ਸਕਦਾ ਹੈ।

(2) **ਸਰੀਰਕ ਬਲ ਦੀ ਵਰਤੋਂ ਕਨੂੰਨੀ ਉਦੇਸ਼ ਦੇ ਲਈ ਹੋਣੀ ਚਾਹੀਦੀ ਹੈ।** ਅਫ਼ਸਰ ਕਿਸੇ ਵਿਅਕਤੀ ਦੇ ਵਿਰੁੱਧ ਸਰੀਰਕ ਬਲ ਦੀ ਵਰਤੋਂ ਨਿਮਨਲਿਖਤ ਸਥਿਤੀਆਂ ਵਿੱਚ ਲੋੜੀਂਦੀ ਹੱਦ ਤੱਕ ਕਰ ਸਕਦਾ ਹੈ:

(a) ਅਫ਼ਸਰ ਨੂੰ, ਕਿਸੇ ਹੋਰ ਵਿਅਕਤੀ ਨੂੰ ਜਾਂ ਉਸ ਵਿਅਕਤੀ ਨੂੰ ਜਿਸਦੇ ਵਿਰੁੱਧ ਸਰੀਰਕ ਬਲ ਦੀ ਵਰਤੋਂ ਕੀਤੀ ਜਾ ਰਹੀ ਹੈ, ਨੂੰ ਸਰੀਰਕ ਸੱਟ ਲੱਗਣ ਬਚਾਉਣ ਲਈ (RCW 10.120.020);

(b) ਕਿਸੇ ਅਪਰਾਧਿਕ ਅਪਰਾਧ ਤੋਂ ਬਚਾਉਣ ਲਈ ਜਦੋਂ ਸੰਭਾਵਿਤ ਕਾਰਨ ਮੌਜੂਦ ਹੋਵੇ ਕਿ ਵਿਅਕਤੀ ਨੇ ਅਪਰਾਧ ਕੀਤਾ ਹੈ, ਕਰ ਰਿਹਾ ਹੈ, ਜਾਂ ਅਪਰਾਧ ਕਰਨ ਵਾਲਾ ਹੈ (RCW 10.120.020 [2022 c 80 §3]);

(c) ਗ੍ਰਿਫਤਾਰੀ ਨੂੰ ਪ੍ਰਭਾਵਤ ਕਰਨ ਲਈ (RCW 10.120.020);

(d) ਕਾਨੂੰਨ ਦੇ ਅਧਿਕਾਰ ਜਾਂ ਨਿਰਦੇਸ਼ ਅਨੁਸਾਰ ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈਣਾ ਲਈ (RCW 10.120.020 [2022 c 80 §3]);

(e) ਚੈਪਟਰ 9A.76 RCW ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਕਿਸੇ ਅਪਰਾਧੀ ਨੂੰ ਫਰਾਰ ਹੋਣ ਤੋਂ ਰੋਕਣ ਲਈ (RCW 10.120.020);

(f) ਕਿਸੇ ਵਿਅਕਤੀ ਨੂੰ ਭੱਜਣ ਤੋਂ ਰੋਕਣ ਲਈ ਜਾਂ ਕਿਸੇ ਅਜਿਹੇ ਵਿਅਕਤੀ ਨੂੰ ਰੋਕਣ ਲਈ ਜੋ ਅਸਥਾਈ ਕਾਨੂੰਨੀ ਜਾਂਚ ਲਈ ਹਿਰਾਸਤ ਤੋਂ ਸਰਗਰਮੀ ਨਾਲ ਭੱਜ ਰਿਹਾ ਹੈ, ਬਸ਼ਰਤੇ ਕਿ ਵਿਅਕਤੀ ਨੂੰ ਨੋਟਿਸ ਦਿੱਤਾ ਗਿਆ ਹੋਵੇ ਕਿ ਉਸ ਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ ਅਤੇ ਉਸਨੂੰ ਕੀਤੇ ਜਾਣ ਦੀ ਇਜਾਜ਼ਤ ਹੈ (RCW 10.120.020 [2022 c 80 §3]);

(g) ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਲਈ, ਕਿਸੇ ਵਿਅਕਤੀ ਨੂੰ ਮੁਲਾਂਕਣ ਜਾਂ ਇਲਾਜ ਲਈ ਵਾਸਤੇ ਲਿਜਾਉਣ ਲਈ, ਜਾਂ ਚੈਪਟਰ 10.77, 71.05, ਜਾਂ 71.34 RCW ਅਧੀਨ ਹੋਰ ਸਹਾਇਤਾ ਪ੍ਰਦਾਨ ਕਰਨ ਲਈ (RCW 10.120.020 [2022 c 4 §3]);

(h) ਕਾਨੂੰਨ ਦੇ ਅਧਿਕਾਰ ਜਾਂ ਨਿਰਦੇਸ਼ ਅਨੁਸਾਰ ਕਿਸੇ ਨਾਬਾਲਗ ਨੂੰ ਸੁਰੱਖਿਆਤਮਕ ਹਿਰਾਸਤ ਵਿੱਚ ਲੈਣਾ ਲਈ (RCW 10.120.020 [2022 c 4 §3]);

(i) ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਲਈ ਅਫ਼ਸਰ ਨੂੰ ਅਧਿਕਾਰ ਜਾਂ ਨਿਰਦੇਸ਼ ਦੇਣ ਵਾਲੇ ਅਦਾਲਤੀ ਹੁਕਮ ਨੂੰ ਲਾਗੂ ਕਰਨ ਲਈ (RCW 10.120.020 [2022 c 4 §3]);

(j) ਤਲਾਸ਼ੀ ਦੇ ਵਾਰੰਟ ਨੂੰ ਅਮਲ ਵਿੱਚ ਲਿਆਉਣਾ (RCW 10.120.020 [2022 c 4 §3]);

(k) ਅਦਾਲਤ ਵਿੱਚ ਇੱਕ ਨਿਆਂਇਕ ਅਫ਼ਸਰ ਦੁਆਰਾ ਜਾਰੀ ਕੀਤੇ ਜ਼ੁਬਾਨੀ ਨਿਰਦੇਸ਼ ਜਾਂ ਲਿਖਤੀ ਆਦੇਸ਼ ਨੂੰ ਲਾਗੂ ਕਰਨ ਜਾਂ ਅਮਲ ਵਿੱਚ ਲਿਆਉਣਾ, ਜਿੱਥੇ ਅਦਾਲਤ ਦੁਆਰਾ ਕਿਸੇ ਅਫ਼ਸਰ ਨੂੰ ਨਿਰਦੇਸ਼ ਜਾਂ ਆਦੇਸ਼ ਨੂੰ ਲਾਗੂ ਕਰਨ ਜਾਂ ਅਮਲ ਵਿੱਚ ਲਿਆਉਣ ਲਈ ਸਰੀਰਕ ਬਲ ਦੀ ਵਰਤੋਂ ਕਰਨ ਲਈ ਸਪਸ਼ਟ ਤੌਰ 'ਤੇ ਅਧਿਕਾਰਤ ਕਰਦੀ ਹੈ (RCW 10.120.020 [2022 c 4 §3]); ਜਾਂ

(l) ਭਾਈਚਾਰੇ ਦੀ ਦੇਖਭਾਲ ਕਰਨ ਵਾਲੇ ਕਿਸੇ ਫੰਕਸ਼ਨ ਨੂੰ ਚਲਾਉਣਾ, ਜਿਸ ਵਿੱਚ ਵੈਲਫੇਅਰ ਚੈੱਕ, ਦੂਜੀਆਂ ਪ੍ਰਾਥਮਿਕ ਸਹਾਇਤਾ ਟੀਮਾਂ, ਅਤੇ ਡਾਕਟਰੀ ਪੇਸ਼ੇਵਰਾਂ, ਵਿਵਹਾਰਕ ਸਿਹਤ ਪੇਸ਼ੇਵਰਾਂ, ਸਮਾਜ ਸੇਵਾ ਪ੍ਰਦਾਤਾਵਾਂ, ਮਨੋਨੀਤ ਸੰਕਟਕਾਲੀਨ ਰਿਸਪੌਂਡਰ, ਸ਼ੈਲਟਰ ਜਾਂ ਰਿਹਾਇਸ਼ ਪ੍ਰਦਾਤਾ, ਜਾਂ ਜਨਤਾ ਦੇ ਕਿਸੇ ਵੀ ਮੈਂਬਰ ਨੂੰ ਸਹਾਇਤਾ ਕਰਨਾ ਸ਼ਾਮਲ ਹੈ, ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹੈ (RCW 10.120.020 [2022 c 4 §3])।

## ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਪਛਾਣ ਦੱਸਣ, ਚੇਤਾਵਨੀ ਅਤੇ ਆਗਿਆ ਦੀ ਪਾਲਣਾ ਕਰਨ ਦਾ ਮੌਕਾ

ਜਦੋਂ ਸੁਰੱਖਿਅਤ ਅਤੇ ਸੰਭਵ ਹੁੰਦਾ ਹੈ, ਸਰੀਰਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ, ਅਫ਼ਸਰਾਂ ਨੂੰ:

(1) ਇਹ ਦੱਸਣਾ ਚਾਹੀਦਾ ਹੈ ਕਿ ਉਹ ਪੁਲਿਸ ਅਫ਼ਸਰ ਹਨ;

(2) ਇਹ ਨਿਰਧਾਰਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੀ ਵਿਅਕਤੀ ਦੀ ਕੋਈ ਵਿਸ਼ੇਸ਼ ਲੋੜ, ਮਾਨਸਿਕ ਸਥਿਤੀ, ਸਰੀਰਕ ਕਮੀ, ਵਿਕਾਸ ਸੰਬੰਧੀ ਅਪਾਹਜਤਾ, ਭਾਸ਼ਾ ਦੀ ਰੁਕਾਵਟ, ਜਾਂ ਹੋਰ ਕਾਰਕ ਹੈ ਜੋ ਅਫ਼ਸਰ ਦੇ ਆਦੇਸ਼ਾਂ ਨੂੰ ਸਮਝਣ ਅਤੇ ਉਹਨਾਂ ਦੀ ਪਾਲਣਾ ਕਰਨ ਦੀ ਉਹਨਾਂ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦਾ ਹੈ;

(3) ਹਿਦਾਇਤਾਂ ਅਤੇ ਚੇਤਾਵਨੀਆਂ ਸਪਸ਼ਟ ਤਰੀਕੇ ਨਾਲ ਦੇਣੀਆਂ ਚਾਹੀਦੀਆਂ ਹਨ;

(4) ਉਸ ਵਿਅਕਤੀ ਨੂੰ ਚੇਤਾਵਨੀ ਦੇਣੀ ਚਾਹੀਦੀ ਹੈ ਕਿ ਜਦੋਂ ਤੱਕ ਉਹ ਵਿਰੋਧ ਕਰਨਾ ਬੰਦ ਨਹੀਂ ਕਰਦੇ, ਉਦੋਂ ਤੱਕ ਸਰੀਰਕ ਬਲ ਦੀ ਵਰਤੋਂ ਕੀਤੀ ਜਾਵੇਗੀ; ਅਤੇ

(5) ਉਸ ਵਿਅਕਤੀ ਨੂੰ ਸਰੀਰਕ ਬਲ ਦੀ ਵਰਤੋਂ ਕਰਨ ਦੀ ਚੇਤਾਵਨੀ ਦੀ ਪਾਲਣਾ ਕਰਨ ਦਾ ਉਚਿਤ ਮੌਕਾ ਦੇਣਾ ਚਾਹੀਦਾ ਹੈ।

## ਚੋਕਹੋਲਡ (ਸਾਹ ਘੁੱਟਣ) ਅਤੇ ਨੈੱਕ ਰਿਸਟ੍ਰੈਨਟ (ਗਲਾ ਘੁੱਟਣ) ਦੀ ਤਕਨੀਕ ਨੂੰ ਵਰਤਣ ਦੀ ਮਨਾਹੀ ਹੈ

ਪੀਸ ਅਫ਼ਸਰ ਆਪਣੀ ਡਿਊਟੀ ਨਿਭਾਉਣ ਵੇਲੇ ਕਿਸੇ ਹੋਰ ਵਿਅਕਤੀ ਚੋਕਹੋਲਡ (ਸਾਹ ਘੁੱਟਣ) ਅਤੇ ਨੈੱਕ ਰਿਸਟ੍ਰੈਨਟ (ਗਲਾ ਘੁੱਟਣ) ਦੀ ਤਕਨੀਕ ਦੀ ਵਰਤੋਂ ਨਹੀਂ ਕਰ ਸਕਦਾ ਹੈ। (RCW 10.116.020).[1]

## ਗਲਤ ਕੰਮ ਦੇ ਵਿਰੁੱਧ ਕਾਰਵਾਈ

**ਮੁੱਖ ਸਿਧਾਂਤ: ਦਖਲ ਦੇਣ ਦੀ ਡਿਊਟੀ ਅਤੇ ਗਲਤ ਕੰਮਾਂ ਦੀ ਰਿਪੋਰਟ ਕਰਨ ਦੀ ਡਿਊਟੀ** (RCW 10.93.190)।

ਜੇ ਕੋਈ ਆਨ-ਡਿਊਟੀ ਅਫ਼ਸਰ, ਕਿਸੇ ਹੋਰ ਅਫ਼ਸਰ ਨੂੰ ਕਿਸੇ ਵਿਅਕਤੀ ਦੇ ਵਿਰੁੱਧ ਬਹੁਤ ਜ਼ਿਆਦਾ ਬਲ ਦੀ ਵਰਤੋਂ ਕਰਦਾ ਹੋਇਆ ਜਾਂ ਉਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਦਾ ਹੋਇਆ ਦੇਖਦਾ ਹੈ, ਤਾਂ ਉਸਨੂੰ ਉਸ ਸਥਿਤੀ ਵਿੱਚ ਦਖਲ ਦੇ ਕੇ ਬਲ ਦੀ ਹੋ ਰਹੀ ਵਰਤੋਂ ਨੂੰ ਰੋਕਣਾ ਚਾਹੀਦਾ ਹੈ ਜਾਂ ਬਹੁਤ ਜ਼ਿਆਦਾ ਬਲ ਦੀ ਵਰਤੋਂ ਕਰਨ ਦੀ ਕੋਸ਼ਿਸ਼ ਨੂੰ ਰੋਕਣਾ ਚਾਹੀਦਾ ਹੈ। ਜੇ ਕੋਈ ਆਨ-ਡਿਊਟੀ ਅਫ਼ਸਰ ਕਿਸੇ ਹੋਰ ਅਫ਼ਸਰ ਦੁਆਰਾ ਕੀਤੇ ਗਏ ਕਿਸੇ ਵੀ ਗਲਤ ਕਾਰਜ ਦਾ ਗਵਾਹ ਹੈ, ਜਾਂ ਉਸਨੂੰ ਪੂਰਾ ਵਿਸ਼ਵਾਸ ਹੈ ਕਿ ਕਿਸੇ ਹੋਰ ਪੀਸ ਅਫ਼ਸਰ ਨੇ ਗਲਤ ਕੰਮ ਕੀਤਾ ਹੈ, ਤਾਂ ਉਸ ਅਫ਼ਸਰ ਨੂੰ ਅਜਿਹੇ ਗਲਤ ਕੰਮਾਂ ਦੀ ਰਿਪੋਰਟ ਗਵਾਹ ਅਫ਼ਸਰ ਦੇ ਸੁਪਰਵਾਈਜ਼ਰ ਨੂੰ ਜਾਂ ਹੋਰ ਸੁਪਰਵਾਈਜ਼ਰੀ ਅਫ਼ਸਰਾਂ ਨੂੰ, ਗਵਾਹ ਅਫ਼ਸਰ ਨੂੰ ਰੁਜ਼ਗਾਰ ਦੇਣ ਵਾਲੀ ਏਜੰਸੀ ਦੀਆਂ ਨੀਤੀਆਂ ਅਤੇ ਕਿਸੇ ਅਧਿਕਾਰੀ ਦੁਆਰਾ ਕੀਤੇ ਗਏ ਅਜਿਹੇ ਕੰਮਾਂ ਦੀ ਰਿਪੋਰਟ ਕਰਨ ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਕਰਨੀ ਚਾਹੀਦੀ ਹੈ। (ਇਹ ਵੀ ਦੇਖੋ: Washington State Criminal Justice Training Commission (CJTC, ਵਾਸ਼ਿੰਗਟਨ ਸਟੇਟ ਕ੍ਰਿਮੀਨਲ ਜਸਟਿਸ ਟਰੇਨਿੰਗ ਕਮਿਸ਼ਨ) ਦੀ ਦਖਲ ਦੇਣ ਦੀ ਡਿਊਟੀ ਦੀ ਮਾਡਲ ਨੀਤੀ।)

## ਫਸਟ ਏਡ

**ਮੁੱਖ ਸਿਧਾਂਤ: ਫਸਟ ਏਡ ਪ੍ਰਦਾਨ ਕਰਨ ਜਾਂ ਸਹੂਲਤ ਪ੍ਰਦਾਨ ਦੇਣ ਦੀ ਡਿਊਟੀ**

**ਸਾਰੇਪੁਲਿਸ ਅਫ਼ਸਰਾਂ ਨੂੰ ਫਸਟ ਏਡ ਪ੍ਰਦਾਨ ਕਰਨੀ ਚਾਹੀਦੀ ਹੈ ਜਾਂ ਇਸਦੀ ਸਹੂਲਤ ਪ੍ਰਦਾਨ ਕਰਨੀ ਚਾਹੀਦੀ ਹੈ ਕਿਉਂਕਿ ਇਹ ਪੁਲਿਸ ਦੁਆਰਾ ਕਾਬੂ ਕੀਤੀ ਸਥਿਤੀ ਵਿੱਚ ਜ਼ਖਮੀ ਵਿਅਕਤੀਆਂ ਨੂੰ ਜਲਦੀ ਤੋਂ ਜਲਦੀ ਉਪਚਾਰ ਦੇਣ ਦਾ ਸੁਰੱਖਿਅਤ ਮੌਕਾ ਹੁੰਦਾ ਹੈ।** (RCW 36.28A.445). (ਇਹ ਵੀ ਦੇਖੋ: CJTC ਦੀਆਂ ਫਸਟ ਏਡ ਦੀਆਂ ਹਿਦਾਇਤਾਂ।)

(1) ਹਿਰਾਸਤ ਵਿੱਚ ਹੋਣ ਦੌਰਾਨ ਜ਼ਖਮੀ ਵਿਅਕਤੀਆਂ ਅਤੇ ਕਾਬੂ ਕੀਤੇ ਵਿਅਕਤੀਆਂ ਦੀ ਨਿਗਰਾਨੀ ਕੀਤੀ ਜਾਵੇਗੀ।

(2) ਸਿਖਲਾਈ ਦੇ ਨਾਲ ਇਕਸਾਰ, ਪੁਜੀਸ਼ਨਲ ਅਸਫਾਈਕਸਿਏਸ਼ਨ ਅਤੇ ਕੰਪਰੈਸ਼ਨ ਅਸਫਾਈਕਸਿਏਸ਼ਨ ਦੇ ਜੋਖਮ ਨੂੰ ਘਟਾਉਣ ਲਈ ਅਫ਼ਸਰ ਹੇਠ ਲਿਖੀਆਂ ਕਾਰਵਾਈਆਂ ਕਰਨਗੇ:

---

1 1 ਜੁਲਾਈ, 2022 ਤੱਕ, Attorney General's Office ਦੇ ਵਿਧਾਇਕਾਂ ਦੀ ਬੇਨਤੀ ਦੇ ਜਵਾਬ ਵਿੱਚ ਇਸ ਵਿਸ਼ੇ 'ਤੇ ਇੱਕ ਰਸਮੀ ਰਾਏ ਦਾ ਖਰੜਾ ਤਿਆਰ ਕਰਨ ਦੀ ਪ੍ਰਕਿਰਿਆ ਕਰ ਰਿਹਾ ਹੈ। RCW 10.120.020 (3) ਪੁਲਿਸ ਅਫ਼ਸਰ ਨੂੰ "ਆਪਣੀ ਜਾਨ ਜਾਂ ਕਿਸੇ ਹੋਰ ਵਿਅਕਤੀ ਦੀ ਜਾਨ, ਕਿਸੇ ਆਉਣ ਵਾਲੇ ਖਤਰੇ ਤੋਂ ਬਚਾਉਣ ਲਈ" ਚੋਕਹੋਲਡ (ਸਾਹ ਘੁੱਟਣ) ਅਤੇ ਨੈੱਕ ਰਿਸਟ੍ਰੈਨਟ (ਗਲਾ ਘੁੱਟਣ) ਦੀ ਤਕਨੀਕ ਦੀ ਵਰਤੋਂ ਕਰਨ ਦਾ ਅਧਿਕਾਰ ਦਿੰਦਾ ਹੈ, ਭਾਵੇਂ RCW 10.116.020 ਵਿੱਚ ਅਜਿਹੀਆਂ ਰਣਨੀਤੀਆਂ ਨੂੰ ਵਰਤਣ ਦੀ ਖਾਸ ਮਨਾਹੀ ਹੈ। 2022 ਦੇ ਅੰਤ ਤੱਕ ਫ਼ੈਸਲਾ ਆਉਣ 'ਤੇ, ਰਾਏ ਨੂੰ ਆਨਲਾਈਨ ਇਸ ਲਿੰਕ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ: https://www.atg.wa.gov/ago-opinions/year/2022

(a) ਜ਼ਮੀਨ 'ਤੇ ਲਿਟਾਏ ਵਿਅਕਤੀ ਨੂੰ ਹੱਥਕੜੀ ਲਗਾਉਣ ਜਾਂ ਹਿਰਾਸਤ ਵਿੱਚ ਲੈਣ ਤੋਂ ਬਾਅਦ ਜਿੰਨੀ ਜਲਦੀ ਸੁਰੱਖਿਅਤ ਅਤੇ ਸੰਭਵ ਹੋਵੇ, ਵਿਅਕਤੀ ਨੂੰ ਪਾਸੇ ਵੱਲ ਘੁਮਾਓ ਅਤੇ ਉਹਨਾਂ ਨੂੰ ਇੱਕ ਸਿੱਧੀ ਸਥਿਤੀ ਵਿੱਚ ਲੈ ਜਾਓ ਤਾਂ ਜੋ ਉਹਨਾਂ ਨੂੰ ਸਾਹ ਲੈਣ ਵਿੱਚ ਕੋਈ ਰੁਕਾਵਟ ਨਾ ਪਵੇ, ਸਿਵਾਏ ਇਸਦੇ ਕਿ ਉਹ ਬੇਹੋਸ਼ ਹੋਣ। ਇਹ ਲੋੜ ਵਿਸ਼ੇਸ਼ ਤੌਰ 'ਤੇ ਉਦੋਂ ਮਹੱਤਵਪੂਰਨ ਹੁੰਦੀ ਹੈ ਜਦੋਂ ਵਿਅਕਤੀ ਨੂੰ ਹੱਥਕੜੀ ਲਗਾ ਕੇ ਮੂੰਹ ਦੇ ਭਾਰ ਲਿਟਾਇਆ ਹੁੰਦਾ ਹੈ।

(i) ਇਸ ਸਥਿਤੀ ਤੋਂ ਇਲਾਵਾ: ਜੇਕਰ ਵਿਅਕਤੀ ਹੋਸ਼ ਵਿੱਚ ਹੈ ਅਤੇ ਕਿਸੇ ਹੋਰ ਸਥਿਤੀ ਵਿੱਚ ਬੈਠਣ ਦੀ ਇੱਛਾ ਪ੍ਰਗਟ ਕਰਦਾ ਹੈ, ਤਾਂ ਅਫ਼ਸਰਾਂ ਨੂੰ ਉਸਨੂੰ ਉਸ ਸਥਿਤੀ ਵਿੱਚ ਰੱਖਣਾ ਚਾਹੀਦਾ ਹੈ, ਬਸ਼ਰਤੇ ਅਜਿਹਾ ਕਰਨ ਨਾਲ ਉਸ ਵਿਅਕਤੀ, ਅਫ਼ਸਰ, ਜਾਂ ਹੋਰਾਂ ਲਈ ਸੁਰੱਖਿਆ ਲਈ ਕੋਈ ਖਤਰਾ ਪੈਦਾ ਨਾ ਹੁੰਦਾ ਹੋਵੇ।

(b) ਛਾਤੀ, ਗਰਦਨ ਜਾਂ ਪਿੱਠ ਉੱਤੇ ਲੰਬੇ ਸਮੇਂ ਤੱਕ ਦਬਾਅ ਨਾ ਪਾਓ, ਇਸ ਵਿੱਚ ਵਿਅਕਤੀ ਉੱਤੇ ਬੈਠਣਾ, ਗੋਡੇ ਹੇਠ ਦੱਬਣਾ, ਜਾਂ ਵਿਅਕਤੀ ਉੱਤੇ ਖੜ੍ਹਾ ਹੋਣਾ ਸ਼ਾਮਲ ਹੈ।

(c) ਹਿਰਾਸਤ ਵਿੱਚ ਹੋਣ ਦੌਰਾਨ ਵਿਅਕਤੀ ਦੀ ਹਾਲਤ ਉੱਤੇ ਲਗਾਤਾਰ ਨਜ਼ਰ ਬਣਾਈ ਰੱਖੋ, ਕਿਉਂਕਿ ਮੌਤ ਅਚਾਨਕ ਹੋ ਸਕਦੀ ਹੈ ਅਤੇ ਸਕਿੰਟਾਂ ਵਿੱਚ ਵਿਅਕਤੀ ਦੀ ਹਾਲਤ ਉਸ ਨੂੰ ਬਚਾਉਣ ਦੀ ਸੀਮਾ ਤੋਂ ਪਰੇ ਜਾ ਸਕਦੀ ਹੈ। ਨਜ਼ਰ ਰੱਖਣ ਵਿੱਚ, ਵਿਅਕਤੀ ਦੇ ਸਾਹ ਲੈਣ ਪ੍ਰਕਿਰਿਆ, ਰੰਗ, ਅਤੇ ਵਿਅਕਤੀ ਦੁਆਰਾ ਜ਼ੁਬਾਨੀ ਰੂਪ ਵਿੱਚ ਦੱਸੀ ਕਿਸੇ ਵੀ ਕਮਜ਼ੋਰੀ ਦਾ ਮੁਲਾਂਕਣ ਕਰਨਾ ਸ਼ਾਮਲ ਹੈ, ਪਰ ਇਹ ਇੱਥੇ ਤੱਕ ਹੀ ਸੀਮਿਤ ਨਹੀਂ ਹੈ।

(d) ਜਦੋਂ ਵੀ ਪੂਰੀ ਟੀਮ ਕਿਸੇ ਵਿਅਕਤੀ ਨੂੰ ਹਿਰਾਸਤ ਵਿੱਚ ਲੈਂਦੀ ਹੈ ਤਾਂ ਜਦੋਂ ਵੀ ਮੈਨਪਾਵਰ ਸੀਮਾਵਾਂ ਇਜਾਜ਼ਤ ਦੇਣ, ਤਾਂ ਰੈਂਕਿੰਗ ਅਫ਼ਸਰ ਇੱਕ "ਸੇਫਟੀ ਅਫ਼ਸਰ" ਨਿਯੁਕਤ ਕਰੇਗਾ। ਸੇਫਟੀ ਅਫ਼ਸਰ ਵਿਅਕਤੀ ਦੀ ਸਿਹਤ ਅਤੇ ਭਲਾਈ ਉੱਤੇ ਨਜ਼ਰ ਰੱਖੇਗਾ ਜਦੋਂ ਤੱਕ:

(i) ਇਹ ਜ਼ਿੰਮੇਵਾਰੀ ਕਿਸੇ ਸਿਹਤ ਸੰਭਾਲ ਪੇਸ਼ੇਵਰ (ਜਿਵੇਂ ਕਿ Emergency Medical Technicians (EMT, ਐਮਰਜੈਂਸੀ ਮੈਡੀਕਲ ਤਕਨੀਸ਼ੀਅਨ), ਪੈਰਾਮੈਡਿਕ) ਨੂੰ ਨਹੀਂ ਸੌਂਪ ਦਿੱਤੀ ਜਾਂਦੀ; ਜਾਂ

(ii) ਉਸ ਵਿਅਕਤੀ ਨੂੰ ਟ੍ਰਾਂਸਪੋਰਟ ਵਾਹਨ ਦੇ ਅੰਦਰ ਬੈਠਾ ਨਹੀਂ ਦਿੱਤਾ ਜਾਂਦਾ ਅਤੇ ਉਹ ਵਿਅਕਤੀ ਸੇਫਟੀ ਅਫ਼ਸਰ ਨੂੰ ਜ਼ੁਬਾਨੀ ਨਹੀਂ ਦੱਸ ਦਿੰਦਾ ਕਿ ਉਹ ਠੀਕ ਮਹਿਸੂਸ ਕਰ ਰਿਹਾ ਹੈ, ਅਤੇ ਸੇਫਟੀ ਅਫ਼ਸਰ ਨੂੰ ਉਹ ਵਿਅਕਤੀ ਠੀਕ ਅਤੇ ਸਧਾਰਨ ਢੰਗ ਨਾਲ ਬੋਲਦਾ ਜਾਪਦਾ ਹੈ।

(e) ਜੇਕਰ ਸੇਫਟੀ ਅਫ਼ਸਰ ਨੂੰ ਲਗਦਾ ਹੈ ਕਿ ਵਿਅਕਤੀ ਦੇ ਸਾਹ ਲੈਣ ਵਿੱਚ, ਉਸਦੇ ਰੰਗ ਵਿੱਚ ਕੋਈ ਫਰਕ, ਜਾਂ ਉਸਨੂੰ ਕੋਈ ਹੋਰ ਦਿੱਕਤ ਪੇਸ਼ ਆ ਰਹੀ ਹੈ, ਤਾਂ ਇਸ ਬਾਰੇ ਤੁਰੰਤ ਰੈਂਕਿੰਗ ਅਫ਼ਸਰ ਨੂੰ ਸੂਚਿਤ ਕਰਨਾ ਚਾਹੀਦਾ ਹੈ।

(f) ਵਿਅਕਤੀ ਨੂੰ ਮੂੰਹ ਦੇ ਭਾਰ ਲਿਟਾਏ ਹੋਏ ਟ੍ਰਾਂਸਪੋਰਟ ਨਾ ਕਰੋ।

(3) ਅਫ਼ਸਰਾਂ ਨੂੰ ਖਾਸ ਫੋਰਸ ਟੂਲਸ ਲਈ ਵਿਸ਼ੇਸ਼ ਫਸਟ ਏਡ ਪ੍ਰਦਾਨ ਕਰਨੀ ਚਾਹੀਦੀ ਹੈ ਜਾਂ ਉਸਦੀ ਸਹੂਲਤ ਪ੍ਰਦਾਨ ਕਰਨੀ ਚਾਹੀਦੀ ਹੈ।

(a) ਓਲੀਓਰੇਸਿਨ ਕੈਪਸਿਕਮ (OC) ਸਪਰੇਅ: ਕਾਨੂੰਨੀ ਅਧਿਕਾਰੀਆਂ ਦੁਆਰਾ ਸਥਿਤੀ ਨੂੰ ਨਿਯੰਤਰਿਤ ਵਿੱਚ ਲੈਣ ਤੋਂ ਬਾਅਦ, ਇੱਕ ਅਫ਼ਸਰ ਨੂੰ ਜਲਦੀ ਤੋਂ ਜਲਦੀ ਸੁਰੱਖਿਅਤ ਮੌਕਾ ਦੇਖ ਕੇ ਵਿਅਕਤੀ ਦੀਆਂ ਅੱਖਾਂ ਨੂੰ ਸਾਫ਼ ਪਾਣੀ ਨਾਲ ਧੋ ਕੇਅਤੇ ਜੇ ਸੰਭਵ ਹੋਵੇ ਤਾਂ ਤਾਜ਼ੀ ਹਵਾ ਨਾਲ ਹਵਾਦਾਰ ਕਰਕੇ OC ਦੇ ਪ੍ਰਭਾਵ ਨੂੰ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ।

(b) Electronic Control Weapon (ECW, ਇਲੈਕਟ੍ਰਾਨਿਕ ਕੰਟਰੋਲ ਵੈਪਨ): ਕਾਨੂੰਨੀ ਅਧਿਕਾਰੀਆਂ ਦੁਆਰਾ ਸਥਿਤੀ ਨੂੰ ਨਿਯੰਤਰਿਤ ਵਿੱਚ ਲੈਣ ਤੋਂ ਬਾਅਦ, ਅਫ਼ਸਰਾਂ ਨੂੰ ਜਲਦੀ ਤੋਂ ਜਲਦੀ ਇੱਕ ਸੁਰੱਖਿਅਤ ਮੌਕਾ ਦੇਖ ਕੇ ECW ਦੇ ਪਰੋਬ ਯਾਨੀ ਕਿ ਤਿੱਖੇ ਦੰਦੇ ਹਟਾ ਦੇਣੇ ਚਾਹੀਦੇ ਹੈ, ਜਦ ਤੱਕ ਕਿ ਉਹ ਦੰਦੇ ਸੰਵੇਦਨਸ਼ੀਲ ਖੇਤਰ ਵਿੱਚ ਨਾ ਹੋਣ, ਜਿਵੇਂ ਕਿ ਸਿਰ, ਛਾਤੀ, ਜਾਂ ਕਮਰ।

(i) ਸੰਵੇਦਨਸ਼ੀਲ ਖੇਤਰਾਂ ਵਿੱਚ ਲੱਗੇ ਪਰੋਬ EMT, ਪੈਰਾਮੈਡਿਕ ਜਾਂ ਹੋਰ ਸਿਹਤ ਸੰਭਾਲ ਪੇਸ਼ੇਵਰ ਦੁਆਰਾ ਹਟਾਏ ਜਾਣੇ ਚਾਹੀਦੇ ਹਨ।

(ii) ECW ਪਰੋਬ ਨੂੰ ਬਾਇਓਹੈਜ਼ਰਡ ਮੰਨਿਆ ਜਾਣਾ ਚਾਹੀਦਾ ਹੈ।

# ਬਲ ਦੀਆਂ ਕਿਸਮਾਂ

**ਮੁੱਖ ਸਿਧਾਂਤ: ਹਾਲਾਤਾਂ ਦੇ ਅਨੁਸਾਰ ਵਿਰੋਧ ਨੂੰ ਕਾਬੂ ਵਿੱਚ ਕਰਨ ਲਈ ਲੋੜੀਂਦੇ ਸਰੀਰਕ ਬਲ ਦੀ ਘੱਟ ਤੋਂ ਘੱਟ ਮਾਤਰਾ ਦੀ ਵਰਤੋਂ ਕਰੋ।** (Revised Code of Washington (RCW, ਵਾਸ਼ਿੰਗਟਨ ਦਾ ਸੋਧਿਆ ਕਾਨੂੰਨ) 10.120.020).

**ਮੁੱਖ ਸਿਧਾਂਤ: ਗੰਭੀਰ ਸਰੀਰਕ ਸੱਟ ਜਾਂ ਮੌਤ ਦੇ ਖਤਰੇ ਤੋਂ ਬਚਣ ਦੇ ਲਈ ਜ਼ਰੂਰੀ ਹੋਣ 'ਤੇ ਹੀ ਘਾਤਕ ਬਲ ਦੀ ਵਰਤੋਂ ਕਰੋ।** (Revised Code of Washington (RCW, ਵਾਸ਼ਿੰਗਟਨ ਦਾ ਸੋਧਿਆ ਕਾਨੂੰਨ) 10.120.020 [2022 c 80 §3 and 2022 c 4 §3]).

ਅਫ਼ਸਰਾਂ ਨੂੰ ਜ਼ਿਆਦਾ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਇੱਕ ਹੀ ਕਿਸਮ ਦੇ ਬਲ ਨੂੰ ਖਤਮ ਕਰਨ ਦੀ ਲੋੜ ਨਹੀਂ ਹੈ।

(1) **ਘੱਟ ਪੱਧਰ ਵਾਲਾ ਸਰੀਰਕ ਬਲ**: ਇਸ ਕਿਸਮ ਦੇ ਬਲ ਦਾ ਉਦੇਸ਼ ਸੱਟ ਪਹੁੰਚਾਉਣਾ ਨਹੀਂ ਹੁੰਦਾ, ਬਲਕਿ ਇਸ ਨਾਲ ਸੱਟ ਲੱਗਣ ਦੀ ਸੰਭਾਵਨਾ ਘੱਟ ਹੁੰਦੀ ਹੈ, ਪਰ ਇਹ ਕੁਝ ਸਮੇਂ ਲਈ ਬੇਅਰਾਮੀ ਜਾਂ ਦਰਦ ਦਾ ਕਾਰਨ ਬਣ ਸਕਦਾ ਹੈ। ਵਿਅਕਤੀ ਦੀਆਂ ਵਿਸ਼ੇਸ਼ਤਾਵਾਂ ਅਤੇ ਹਾਲਤ ਸਮੇਤ, ਮੌਕੇ ਦੀਆਂ ਹਾਲਾਤਾਂ 'ਤੇ ਨਿਰਭਰ ਕਰਦੇ ਹੋਏ, ਘੱਟ ਪੱਧਰ ਵਾਲੇ ਬਲ ਦੇ ਵਿਕਲਪਾਂ ਵਿੱਚ ਨਿਮਨਲਿਖਤ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- (a) ਹਲਚਲ ਨੂੰ ਕਾਬੂ ਕਰਨ ਲਈ ਤਕਨੀਕਾਂ (ਉਦਾਹਰਨ ਲਈ, ਪਿੱਛੇ ਧੱਕਣਾ, ਐਸਕਾਰਟ ਕਰਨਾ, ਉੱਪਰ ਚੁੱਕਣਾ, ਚੁੱਕ ਕੇ ਲਿਜਾਉਣਾ);
- (b) ਕੰਟਰੋਲ ਹੋਲਡ (ਉਦਾਹਰਨ ਲਈ, ਗੁੱਟ ਨੂੰ ਲਾਕ ਪਾਉਣਾ, ਉਂਗਲਾਂ ਨੂੰ ਲਾਕ ਪਾਉਣਾ, ਜੋੜਾਂ ਨੂੰ ਘੁੰਮਾਉਣਾ)
- (c) ਖੁੱਲ੍ਹੇ ਹੱਥ ਦੀਆਂ ਤਕਨੀਕਾਂ;
- (d) ਟੇਕਡਾਉਨ (ਹੇਠਾਂ ਸੁੱਟਣਾ); ਜਾਂ
- (e) ਹੋਬਲ ਰਿਸਟ੍ਰੇਨਟ ਦੀ ਵਰਤੋਂ ਕਰਨਾ।

(2) **ਦਰਮਿਆਨਾ ਸਰੀਰਕ ਬਲ**: ਇਸ ਕਿਸਮ ਦਾ ਸਰੀਰਕ ਬਲ ਕੁਝ ਹੱਦ ਤੱਕ ਸੱਟ ਜਾਂ ਨੁਕਸਾਨ ਦਾ ਜੋਖਮ ਪੈਦਾ ਕਰ ਸਕਦਾ ਹੈ ਪਰ ਇਹ ਨਾ ਤਾਂ ਮੌਤ ਦਾ ਕਾਰਨ ਬਣ ਸਕਦਾ ਹੈ ਅਤੇ ਨਾ ਹੀ ਇਸਦਾ ਅਜਿਹਾ ਉਦੇਸ਼ ਹੁੰਦਾ ਹੈ।

ਹਾਲਾਤਾਂ ਦੀ ਸੰਪੂਰਨ ਜਾਣਕਾਰੀ 'ਤੇ ਨਿਰਭਰ ਕਰਦੇ ਹੋਏ, ਦਰਮਿਆਨੇ ਸਰੀਰਕ ਬਲ ਦੀ ਵਰਤੋਂ ਉਦੋਂ ਢੁੱਕਵਾਂ ਹੋ ਸਕਦੀ ਹੈ ਜਦੋਂ ਕੋਈ ਵਿਅਕਤੀ ਕਿਸੇ ਅਫ਼ਸਰ ਜਾਂ ਕਿਸੇ ਹੋਰ ਉੱਤੇ ਹਮਲਾ ਕਰਨ ਦੀ ਧਮਕੀ ਦਿੰਦਾ ਹੈ। ਦਰਮਿਆਨੇ ਬਲ ਦੇ ਵਿਕਲਪਾਂ ਵਿੱਚ ਨਿਮਨਲਿਖਤ ਸ਼ਾਮਲ ਹੈ:

- (a) ਓਲੀਓਰੇਸਿਨ ਕੈਪਸਿਕਮ (OC) ਸਪਰੇਅ;
- (b) ਇਲੈਕਟ੍ਰਾਨਿਕ ਕੰਟਰੋਲ ਵੈਪਨ;
- (c) ਪ੍ਰੋਜੈਕਟਾਈਲ ਇਮਪੈਕਟ ਵੈਪਨ;
- (d) ਕੁੱਤੇ ਦੇ ਵੱਡਣ ਜਾਂ ਕੁੱਤੇ ਅਤੇ ਮੁਲਜ਼ਮ ਵਿਚਕਾਰ ਹੋਏ ਸਰੀਰਕ ਸੰਪਰਕ ਕਾਰਨ ਲੱਗੀ ਸੱਟ;
- (e) ਇਮਪੈਕਟ ਵੈਪਨ ਨਾਲ ਹਮਲਾ (ਸਿਰ, ਗਰਦਨ, ਗਲੇ, ਜਾਂ ਰੀੜ੍ਹ ਦੀ ਹੱਡੀ 'ਤੇ ਇਮਪੈਕਟ ਵੈਪਨ ਨਾਲ ਹਮਲਾ ਕਰਨ ਤੋਂ ਇਲਾਵਾ); ਜਾਂ
- (f) ਕਿਸੇ ਅਫ਼ਸਰ ਦੇ ਸਰੀਰ ਨਾਲ ਮੁੱਕੇ, ਲੱਤਾਂ ਜਾਂ ਹੋਰ ਤਰੀਕੇ ਨਾਲ ਹਮਲਾ।
  - (i) ਅਫ਼ਸਰ ਸਿਰਫ਼ ਸਵੈ-ਰੱਖਿਆ ਲਈ ਜਾਂ ਦੂਜਿਆਂ ਦੀ ਰੱਖਿਆ ਲਈ ਕਿਸੇ ਮੁਲਜ਼ਮ ਦੇ ਸਿਰ 'ਤੇ ਹਮਲਾ ਕਰਨ ਦੀਆਂ ਤਕਨੀਕਾਂ ਨੂੰ ਵਰਤ ਸਕਦੇ ਹਨ। ਕਿਸੇ ਵਿਅਕਤੀ ਦੇ ਸਿਰ 'ਤੇ ਮੁੱਕੇ, ਕੂਹਣੀਆਂ, ਗੋਡੇ ਅਤੇ ਪੈਰਾਂ ਨਾਲ ਵਾਰ ਕਰਨਾ, ਦਰਦ ਪਹੁੰਚਾਉਣ ਦੇ ਮਕਸਦ ਨਾਲ ਨਹੀਂ ਹੋਣਾ ਚਾਹੀਦਾ।

(3) **ਘਾਤਕ ਬਲ:** ਇੱਕ ਅਫ਼ਸਰ ਕਿਸੇ ਹੋਰ ਵਿਅਕਤੀ ਦੇ ਵਿਰੁੱਧ ਘਾਤਕ ਬਲ ਦੀ ਵਰਤੋਂ ਸਿਰਫ਼ ਤਾਂ ਹੀ ਕਰ ਸਕਦਾ ਹੈ ਜਦੋਂ ਅਫ਼ਸਰ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਗੰਭੀਰ ਸਰੀਰਕ ਸੱਟ ਜਾਂ ਮੌਤ ਦੇ ਖਤਰੇ ਤੋਂ ਬਚਾਉਣ ਲਈ ਘਾਤਕ ਬਲ ਦੀ ਵਰਤੋਂ ਕਰਨਾ ਜ਼ਰੂਰੀ ਹੁੰਦਾ ਹੈ। (RCW 10.120.020). ਅਫ਼ਸਰਾਂ ਨੂੰ ਉਹਨਾਂ ਵਿਅਕਤੀਆਂ ਵਿਰੁੱਧ ਘਾਤਕ ਬਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜੋ ਸਿਰਫ਼ ਖੁਦ ਦੇ ਲਈ ਖਤਰਾ ਪੇਸ਼ ਕਰਦੇ ਹਨ ਅਤੇ ਕਿਸੇ ਹੋਰ ਵਿਅਕਤੀ ਜਾਂ ਅਫ਼ਸਰ ਲਈ ਮੌਤ ਜਾਂ ਗੰਭੀਰ ਸਰੀਰਕ ਸੱਟ ਦਾ ਕੋਈ ਖਤਰਾ ਨਹੀਂ ਪੈਦਾ ਕਰਦੇ ਹਨ। ਘਾਤਕ ਬਲ ਵਿੱਚ ਸ਼ਾਮਲ ਹੈ:

- (i) ਸਿਰ, ਗਰਦਨ, ਗਲੇ, ਜਾਂ ਰੀੜ੍ਹ ਦੀ ਹੱਡੀ 'ਤੇ ਇਮਪੈਕਟ ਵੈਪਨ ਨਾਲ ਹਮਲਾ;
- (ii) ਵਿਅਕਤੀ ਦੇ ਸਿਰ ਨੂੰ ਕਿਸੇ ਸਖ਼ਤ, ਸਥਿਰ ਵਸਤੂ ਉੱਤੇ ਮਾਰਨਾ;
- (iii) ਵਿਅਕਤੀ ਉੱਤੇ ਘਾਤਕ ਗੋਲਾ-ਬਾਰੂਦ ਨਾਲ ਭਰਿਆ ਹਥਿਆਰ ਚਲਾਉਣਾ; ਜਾਂ
- (iv) ਕਿਸੇ ਅਜਿਹੇ ਵਿਅਕਤੀ ਤੋਂ ਜਾਣਬੁੱਝ ਕੇ ਟਕਰ ਮਾਰਨਾ ਜੋ ਵਾਹਨ ਦੇ ਅੰਦਰ ਨਹੀਂ ਹੈ।

# ਬਲ ਦਾ ਸਾਧਨ ਚੁਣੋ

**ਮੁੱਖ ਸਿਧਾਂਤ: ਜਦੋਂ ਵੀ ਸੰਭਵ ਹੋਵੇ, ਘਾਤਕ ਬਲ ਦੀ ਵਰਤੋਂ ਕਰਨ ਤੋਂ ਪਹਿਲਾਂ ਉਪਲਬਧ ਅਤੇ ਢੁੱਕਵੇਂ ਘੱਟ ਘਾਤਕ ਵਿਕਲਪਾਂ ਦੀ ਵਰਤੋਂ ਕਰੋ।** (RCW 10.120.020).

(1) ਏਜੰਸੀ ਲਈ ਇਹ ਲਾਜ਼ਮੀ ਹੈ ਕਿ ਉਹ ਅਫ਼ਸਰਾਂ ਦੀ ਵਰਤੋਂ ਲਈ ਘੱਟ ਘਾਤਕ ਵਿਕਲਪ ਉਪਲਬਧ ਕਰਵਾਏ। (RCW 10.120.020 [2022 c 4 §3]).

(2) ਅਫ਼ਸਰ ਸਾਰੇ ਉਪਕਰਣਾਂ ਦੀ ਵਰਤੋਂ ਸਿਖਲਾਈ ਅਤੇ ਉਪਕਰਣ ਨਿਰਮਾਤਾ ਦੇ ਨਿਰਦੇਸ਼ਾਂ ਅਨੁਸਾਰ ਕਰਨਗੇ।

## ਓਲੀਓਰੇਸਿਨ ਕੈਪਸਿਕਮ (OC) ਸਪਰੇਅ

(1) OC ਇੱਕ ਜਲਣਸ਼ੀਲ ਏਜੰਟ ਹੈ ਜੋ ਅੱਖਾਂ, ਨੱਕ, ਮੂੰਹ ਅਤੇ ਚਮੜੀ ਵਿੱਚ ਇੱਕ ਤੀਬਰ ਜਲਣ ਦੀ ਭਾਵਨਾ ਪੈਦਾ ਕਰਦਾ ਹੈ, ਜਿਸਦੇ ਨਤੀਜੇ ਵਜੋਂ ਅੱਖਾਂ ਬੰਦ ਹੋ ਸਕਦੀਆਂ ਹਨ, ਅੱਥਰੂ ਆ ਸਕਦੇ ਹਨ ਅਤੇ ਸੋਜ਼ਸ਼ ਆ ਸਕਦੀ ਹੈ, ਨਾਲ ਹੀ ਸਾਹ ਘੁੱਟਣ, ਉਲਟੀ ਵਰਗਾ ਮਹਿਸੂਸ ਹੋਣ ਅਤੇ ਸਾਹ ਚੜ੍ਹਨ ਦੀ ਸ਼ਿਕਾਇਤ ਆ ਸਕਦੀ ਹੈ।

(2) OC ਸਪਰੇਅ ਦੀ ਇੱਕ ਵਾਰ ਵਰਤੋਂ ਤੋਂ ਬਾਅਦ, ਹਰੇਕ ਅਗਲੀ ਵਰਤੋ ਵਾਜਬ ਕਾਰਨ ਕਰਕੇ ਹੀ ਕੀਤੀ ਜਾਣੀ ਚਾਹੀਦੀ ਹੈ।

(3) OC ਸਪਰੇਅ ਦਾ ਇਸਤੇਮਾਲ ਇੱਕ ਬੰਦ, ਬਹੁਤ ਜ਼ਿਆਦਾ ਭੀੜ ਵਾਲੀ ਥਾਂ 'ਤੇ ਕਰਨਾ ਉਚਿਤ ਨਹੀਂ ਹੈ ਜਿੱਥੇ ਮਾਸੂਮ ਵਿਅਕਤੀ ਵੀ ਇਸਦੇ ਪ੍ਰਭਾਵ ਹੇਠ ਆ ਸਕਦੇ ਹਨ, ਸਿਵਾਏ ਉਦੋਂ ਜਦੋਂ OC ਸਪਰੇਅ ਤੋਂ ਇਲਾਵਾ ਕੋਈ ਹੋਰ ਵਿਕਲਪ ਉਪਲਬਧ ਨਹੀਂ ਹੁੰਦਾ। OC ਸਪਰੇਅ ਦਾ ਇਸਤੇਮਾਲ ਕਰਨ ਵਾਲੇ ਅਫ਼ਸਰ, ਮਾਸੂਮ ਵਿਅਕਤੀਆਂ ਨੂੰ ਇਸ ਤੋਂ ਦੂਰ ਰੱਖਣ ਜਾਂ ਉਹਨਾਂ ਉੱਤੇ ਇਸਦਾ ਪ੍ਰਭਾਵ ਘੱਟ ਤੋਂ ਘੱਟ ਪੈਣ ਦੀ ਕੋਸ਼ਿਸ਼ ਕਰਨਗੇ।

## ਇਮਪੈਕਟ ਵੈਪਨ

(1) ਏਜੰਸੀ ਦੁਆਰਾ ਜਾਰੀ ਕੀਤੇ ਅਤੇ ਅਧਿਕਾਰਤ ਇਮਪੈਕਟ ਵੈਪਨਾਂ ਵਿੱਚ ਆਮ ਤੌਰ 'ਤੇ ਬੈਟਨ ਸ਼ਾਮਲ ਹੁੰਦੇ ਹਨ।

(2) ਅਫ਼ਸਰਾਂ ਨੂੰ ਜਾਣਬੁੱਝਕੇ ਸਿਰ, ਗਰਦਨ, ਚਿਹਰੇ, ਗਲੇ, ਰੀੜ੍ਹ ਦੀ ਹੱਡੀ, ਕਮਰ, ਜਾਂ ਗੁਰਦੇ ਸਮੇਤ ਮਹੱਤਵਪੂਰਨ ਅੰਗਾਂ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ, ਬਸ਼ਰਤੇ ਘਾਤਕ ਬਲ ਵਰਤਣ ਦਾ ਅਧਿਕਾਰ ਨਾ ਮਿਲਿਆ ਹੋਵੇ।

(3) ਅਫ਼ਸਰਾਂ ਨੂੰ ਕਿਸੇ ਵਿਅਕਤੀ ਨੂੰ ਡਰਾਉਣ ਲਈ ਇਮਪੈਕਟ ਵੈਪਨਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜਦੋਂ ਤੱਕ ਕਿ ਇਮਪੈਕਟ ਵੈਪਨ ਦੀ ਚੇਤਾਵਨੀ ਮੌਜੂਦਾ ਖਤਰੇ ਲਈ ਜਾਇਜ਼ ਨਹੀਂ ਹੁੰਦੀ।

(4) ਜਦੋਂ ਵੀ ਸੁਰੱਖਿਅਤ ਅਤੇ ਸੰਭਵ ਹੋਵੇ, ਅਫ਼ਸਰਾਂ ਨੂੰ ਇਮਪੈਕਟ ਵੈਪਨ ਦਾ ਇਸਤੇਮਾਲ ਕਰਨ ਤੋਂ ਬਾਅਦ ਜਲਦ ਤੋਂ ਜਲਦ ਹਮਲੇ ਦੀ ਪ੍ਰਭਾਵਸ਼ੀਲਤਾ ਦਾ ਦੁਬਾਰਾ ਮੁਲਾਂਕਣ ਕਰਨਾ ਚਾਹੀਦਾ ਹੈ, ਅਤੇ ਜੇਕਰ ਹਮਲਾ ਕਾਫੀ ਨਹੀਂ ਹੈ, ਤਾਂ ਕਿਸੇ ਹੋਰ ਢੁੱਕਵੇਂ ਟਾਰਗੇਟ ਜਾਂ ਕਿਸੇ ਹੋਰ ਰਣਨੀਤਕ ਜਾਂ ਸਰੀਰਕ ਬਲ ਦੇ ਵਿਕਲਪ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

## Projectile Impact Weapons (ਜਿਸਨੂੰ ਐਕਸਟੈਨਡਿਡ ਰੇਂਜ ਇਮਪੈਕਟ ਵੈਪਨ ਵੀ ਕਿਹਾ ਜਾਂਦਾ ਹੈ)

(1) Projectile Impact Weapon (PIW, ਪ੍ਰੋਜੈਕਟਾਈਲ ਇਮਪੈਕਟ ਵੈਪਨ) ਘੱਟ-ਘਾਤਕ ਗੋਲਾ-ਬਾਰੂਦ ਚਲਾਉਂਦੀ ਹੈ ਅਤੇ ਇਹ ਕਿਸੇ ਵਿਅਕਤੀ ਦੇ ਸਰੀਰ ਅੰਦਰ ਦਾਖਲ ਹੋਏ ਕਿਸੇ ਵਿਅਕਤੀ ਨੂੰ ਬੇਹੋਸ਼ ਕਰਨ, ਅਸਥਾਈ ਤੌਰ 'ਤੇ ਨਕਾਰਾ ਬਣਾਉਣ ਜਾਂ ਅਸਥਾਈ ਤੌਰ 'ਤੇ ਬੇਅਰਾਮੀ ਪੈਦਾ ਕਰਨ ਲਈ ਤਿਆਰ ਕੀਤੀ ਗਈ ਹੈ।

(2) ਕਾਨੂੰਨ ਲਾਗੂ ਕਰਨ ਦੇ ਕਾਰਜਾਂ ਦੇ ਦੌਰਾਨ PIW ਦੀ ਵਰਤੋਂ ਕਰਨ ਤੋਂ ਪਹਿਲਾਂ ਅਫ਼ਸਰਾਂ ਨੂੰ ਇਸ ਦੀ ਵਰਤੋਂ ਕਰਨ ਲਈ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

(3) ਜਦੋਂ ਸੁਰੱਖਿਅਤ ਅਤੇ ਸੰਭਵ ਹੋਵੇ, PIW ਨੂੰ ਚਲਾਉਣ ਵਾਲੇ ਅਫ਼ਸਰ ਨੂੰ ਇਸਨੂੰ ਚਲਾਉਣ ਤੋਂ ਪਹਿਲਾਂ ਮੌਕੇ 'ਤੇ ਮੌਜੂਦ ਦੂਜੇ ਅਫ਼ਸਰਾਂ ਨੂੰ ਇਸ ਦੇ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

(4) ਅਫ਼ਸਰ ਨੂੰ ਵਿਅਕਤੀ ਦੇ ਪੁੱਠੇ, ਪੱਟ, ਪਿੰਨੀਆਂ ਅਤੇ ਵੱਡੀਆਂ ਮਾਸਪੇਸ਼ੀਆਂ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਹੈ।

(5) PIW ਵਰਤਣ ਵਾਲੇ ਅਫ਼ਸਰ ਨੂੰ ਹਰ ਹਮਲੇ ਤੋਂ ਬਾਅਦ PIW ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕਰਨਾ ਚਾਹੀਦਾ ਹੈ। ਜੇਕਰ ਦੁਬਾਰਾ PIW ਨੂੰ ਵਰਤਣ ਦੀ ਲੋੜ ਪੈਂਦੀ ਹੈ, ਤਾਂ ਅਫ਼ਸਰ ਨੂੰ ਕਿਸੇ ਵੱਖਰੀ ਥਾਂ 'ਤੇ ਨਿਸ਼ਾਨਾ ਲਗਾਉਣਾ ਚਾਹੀਦਾ ਹੈ।

(6) ਸੀਮਿਤ ਵਰਤੋ। ਹੇਠ ਲਿਖੀਆਂ ਸਥਿਤੀਆਂ ਵਿੱਚ PIW ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ ਜਦੋਂ ਤੱਕ ਘਾਤਕ ਬਲ ਦੀ ਵਰਤੋਂ ਜਾਇਜ਼ ਨਾ ਹੋਵੇ:

   (a) ਜਾਣਬੁੱਝ ਕੇ ਸਿਰ, ਗਰਦਨ, ਛਾਤੀ ਜਾਂ ਕਮਰ ਨੂੰ PIW ਦਾ ਨਿਸ਼ਾਨਾ ਬਣਾਉਣਾ, ਬਸ਼ਰਤੇ ਘਾਤਕ ਬਲ ਵਰਤਣ ਦਾ ਅਧਿਕਾਰ ਨਾ ਮਿਲਿਆ ਹੋਵੇ।

   (b) ਉਹਨਾਂ ਦੂਰੀਆਂ 'ਤੇ ਜੋ PIW ਨਿਰਮਾਤਾ ਦੇ ਦਿਸ਼ਾ-ਨਿਰਦੇਸ਼ਾਂ ਨਾਲ ਅਸੰਗਤ ਹਨ।

(c) ਕਿਸੇ ਵਿਅਕਤੀ 'ਤੇ ਜੋ ਉੱਚੀ ਥਾਂ 'ਤੇ ਮੌਜੂਦ ਹੈ (ਉਦਾਹਰਨ ਲਈ, ਇੱਕ ਉੱਚੀ ਥਾਂ ਦਾ ਕਿਨਾਰਾ, ਮਚਾਨ, ਖੜ੍ਹੀ ਚਟਾਨ ਦੇ ਨੇੜੇ, ਆਦਿ) ਜਦੋਂ ਤੱਕ ਕਿ ਡਿੱਗਣ ਨਾਲ ਲੱਗਣ ਵਾਲੀ ਸੱਟ ਨੂੰ ਰੋਕਣ ਜਾਂ ਘੱਟ ਕਰਨ ਲਈ ਉਚਿਤ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ ਹੋਣ (ਜਿਵੇਂ ਕਿ ਇੱਕ ਸੁਰੱਖਿਆ ਜਾਲ ਲਗਾਉਣਾ)।

## Electronic Control Weapons (ਜਿਸਨੂੰ ਕੰਡਕਟਿਡ ਐਨਰਜੀ ਵੈਪਨ ਵੀ ਕਿਹਾ ਜਾਂਦਾ ਹੈ)

(1) Electronic Control Weapon (ECW, ਇਲੈਕਟ੍ਰਾਨਿਕ ਕੰਟਰੋਲ ਵੈਪਨ) ਇੱਕ ਪੋਰਟੇਬਲ ਡਿਵਾਈਸ ਹੈ ਜੋ ਡਾਰਟ/ਇਲੈਕਟਰੋਡ ਸੁੱਟਦਾ ਹੈ ਅਤੇ ਇਹ ਵਿਅਕਤੀ ਨੂੰ ਅਸਥਾਈ ਤੌਰ 'ਤੇ ਅਚੱਲ ਬਣਾਉਣ ਲਈ ਉਸ ਵਿੱਚ ਬਿਜਲੀ ਦਾ ਚਾਰਜ ਜਾਂ ਕਰੰਟ ਸੰਚਾਰਿਤ ਕਰਦਾ ਹੈ।

(2) ECW ਜਾਰੀ ਕਰਨਾ ਅਤੇ ਰੱਖਣਾ:

(a) ਪ੍ਰਵਾਨਿਤ ECW ਦੀ ਵਰਤੋਂ ਸਿਰਫ਼ ਉਹਨਾਂ ਅਫ਼ਸਰਾਂ ਦੁਆਰਾ ਕੀਤੀ ਜਾ ਸਕਦੀ ਹੈ ਜਿਹਨਾਂ ਕੋਲ ਇਸਦੀ ਵਰਤੋਂ ਕਰਨ ਲਈ ਸਰਟੀਫਿਕੇਟ ਹੁੰਦਾ ਹੈ ਅਤੇ ਹਰ ਸਾਲਾ ਇਸਦਾ ਸਰਟੀਫਿਕੇਟ ਹਾਸਲ ਕਰਦੇ ਹਨ।

(b) ਜਿਹਨਾਂ ਅਫ਼ਸਰਾਂ ਨੂੰ ECW ਜਾਰੀ ਕੀਤੇ ਜਾਂਦੇ ਹਨ, ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸਨੂੰ ਘੱਟ ਘਾਤਕ ਵਿਕਲਪ ਦੇ ਤੌਰ 'ਤੇ ਆਪਣੇ ਨਾਲ ਰੱਖਣ।

(c) ਸਿਖਲਾਈ ਦੇ ਨਾਲ ਇਕਸਾਰ ਹੋਣ 'ਤੇ, ECW ਰੱਖਣ ਵਾਲੇ ਅਫ਼ਸਰ ਨੂੰ ਹਰ ਸ਼ਿਫਟ ਤੋਂ ਪਹਿਲਾਂ ਹਥਿਆਰ ਦੀ ਫੰਕਸ਼ਨ ਜਾਂਚ ਅਤੇ ਬਾਕੀ ਬਚੀ ਬੈਟਰੀ ਦੀ ਜਾਂਚ ਕਰਨੀ ਚਾਹੀਦੀ ਹੈ। ਅਫ਼ਸਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਖਰਾਬੀ ਦੀ ਰਿਪੋਰਟ ਸੁਪਰਵਾਈਜ਼ਰ ਜਾਂ ਹੋਰ ਉਚਿਤ ਕਰਮਚਾਰੀਆਂ ਨੂੰ ਕਰਨੀ ਚਾਹੀਦੀ ਹੈ।

(3) ਵਰਤੋਂ ਦਾ ਪੱਧਰ:

(a) ਅਫ਼ਸਰਾਂ ਨੂੰ ਸਰੀਰ ਦੇ ਸਪੋਰਟ ਵਾਲੇ ਪਾਸੇ ECW ਨੂੰ ਰੱਖਣਾ ਚਾਹੀਦਾ ਹੈ, ਅਤੇ ਸਾਰੀਆਂ ਗੰਭੀਰ ਸਥਿਤੀਆਂ ਵਿੱਚ, ਸਪੋਰਟ ਹੱਥ (ਪਿਸਤੌਲ ਨਾ ਚਲਾਉਣ ਵਾਲਾ ਹੱਥ) ਦੇ ਨਾਲ ਡਿਵਾਈਸ ਨੂੰ ਕੱਢਣਾ, ਦਿਖਾਉਣਾ ਅਤੇ ਵਰਤਣਾ ਚਾਹੀਦਾ ਹੈ।

(b) ਅਫ਼ਸਰਾਂ ਨੂੰ ECW ਅਤੇ ਬੰਦੂਕ, ਦੋਵਾਂ ਨੂੰ ਇੱਕੋ ਸਮੇਂ ਹੱਥ ਵਿੱਚ ਨਹੀਂ ਫੜ੍ਹਨਾ ਚਾਹੀਦਾ ਜਦੋਂ ਕਿ ਅਜਿਹਾ ਕਰਨ ਦੇ ਜ਼ਰੂਰੀ ਹਾਲਾਤ ਪੈਦਾ ਨਾ ਹੋਣ।

(c) ਅਫ਼ਸਰਾਂ ਨੂੰ ਸਿਰ, ਗਰਦਨ, ਛਾਤੀ, ਜਾਂ ਜਣਨ ਅੰਗਾਂ ਤੋਂ ਇਲਾਵਾ ਦੂਜੇ ਅੰਗਾਂ ਨੂੰ ਨਿਸ਼ਾਨਾ ਬਣਾਉਣਾ ਚਾਹੀਦਾ ਹੈ।

(d) ਅਫ਼ਸਰਾਂ ਨੂੰ ਜਾਣਬੁੱਝ ਕੇ ਇੱਕੋ ਵਿਅਕਤੀ 'ਤੇ ਇੱਕ ਤੋਂ ਵੱਧ ECW ਤਾਇਨਾਤ ਨਹੀਂ ਕਰਨੇ ਚਾਹੀਦੇ, ਜਦੋਂ ਤੱਕ ਕਿ ਪਹਿਲਾਂ ਤੈਨਾਤ ਹਥਿਆਰ ਸਪੱਸ਼ਟ ਤੌਰ 'ਤੇ ਅਸਫਲ ਨਹੀਂ ਹੋ ਜਾਂਦਾ।

(e) ਅਫ਼ਸਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ECW ਦੀ ਪ੍ਰਾਥਮਿਕ ਵਰਤੋਂ ਦਰਦ ਪਹੁੰਚਾਉਣ ਵਾਲੇ ਸਾਧਨ ਵਜੋਂ ਨਹੀਂ ਹੋਣੀ ਚਾਹੀਦੀ। ਡ੍ਰਾਈਵ-ਸਟਨ ਮੋਡ ਦੀ ਵਰਤੋਂ ਉਦੋਂ ਹੀ ਕੀਤੀ ਜਾਣੀ ਚਾਹੀਦੀ ਹੈ ਜਦੋਂ ਇਨਕਪੈਸੀਟੇਸ਼ਨ ਸਰਕਟ ਨੂੰ ਪੂਰਾ ਕਰਨ ਲਈ ਜ਼ਰੂਰੀ ਹੋਵੇ ਜਿੱਥੇ ਸਿਰਫ਼ ਇੱਕ ਪਰੋਬ ਵਿਅਕਤੀ ਨਾਲ ਜੁੜੀ ਹੋਵੇ, ਜਿੱਥੇ ਦੋਵੇਂ ਪਰੋਬ ਨਜ਼ਦੀਕੀ ਨਾਲ ਜੁੜੀਆਂ ਹੋਣ, ਜਾਂ ਜਦੋਂ ਕੋਈ ਹੋਰ ਘੱਟ ਘਾਤਕ ਵਿਕਲਪ ਉਪਲਬਧ ਅਤੇ ਉਚਿਤ ਨਾ ਹੋਣ।

(f) ਅਫ਼ਸਰਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ECW ਦੀ ਜ਼ਿਆਦਾ ਵਾਰ ਵਰਤੋਂ ਗੰਭੀਰ ਸਰੀਰਕ ਸੱਟ ਜਾਂ ਮੌਤ ਦੇ ਜੋਖਮ ਨੂੰ ਵਧਾ ਦਿੰਦੀ ਹੈ।

(g) ECW ਦੀ ਵਰਤੋਂ ਪੰਜ ਜਾਂ ਘੱਟ ਸਕਿੰਟ ਦੇ ਇੱਕ ਮਿਆਰੀ ਡਿਸਚਾਰਜ ਚੱਕਰ ਲਈ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਤੋਂ ਬਾਅਦ ਅਫ਼ਸਰ ਨੂੰ ਸਥਿਤੀ ਦਾ ਦੁਬਾਰਾ ਮੁਲਾਂਕਣ ਕਰੇਗਾ। ਵਿਅਕਤੀ ਨੂੰ ਕਾਬੂ ਵਿੱਚ ਕਰਨ ਲਈ ਅਫ਼ਸਰ ਨੂੰ ਲੋੜੀਂਦੇ ਘੱਟੋ-ਘੱਟ ਚੱਕਰਾਂ ਦੀ ਵਰਤੋਂ ਕਰੇਗਾ।

(h) ਜੇਕਰ ਅਫ਼ਸਰ ਕਿਸੇ ਵਿਅਕਤੀ ਉੱਤੇ ਤਿੰਨ ਵਾਰ ECW ਦੀ ਵਰਤੋਂ ਕਰਦਾ ਹੈ ਅਤੇ ਵਿਅਕਤੀ ਫਿਰ ਵੀ ਹਮਲਾ ਕਰਨਾ ਜਾਰੀ ਰੱਖਦਾ ਹੈ, ਤਾਂ ਅਫ਼ਸਰ ਇਹ ਸਮਝੇਗਾ ਕਿ ਸ਼ਾਇਦ ECW ਉਸ ਵਿਅਕਤੀ ਦੇ ਵਿਰੁੱਧ ਪ੍ਰਭਾਵਸ਼ਾਲੀ ਨਹੀਂ ਹੈ ਅਤੇ ਫਿਰ ਅਫ਼ਸਰ ਹੋਰ ਵਿਕਲਪਾਂ ਦੀ ਵਰਤੋਂ ਕਰਨ ਬਾਰੇ ਵਿਚਾਰ ਕਰੇਗਾ।

(i) ਅਫ਼ਸਰਾਂ ਨੂੰ ਇਸ ਪੱਖੋਂ ਯੋਗ ਹੋਣਾ ਚਾਹੀਦਾ ਹੈ ਕੀ ਉਹ ECW ਦੀ ਹਰ ਇੱਕ ਵਰਤੋਂ ਲਈ ਸਪਸ਼ਟ ਤੌਰ 'ਤੇ ਸਪਸ਼ਟੀਕਰਨ ਅਤੇ ਉਸਨੂੰ ਦਸਤਾਵੇਜ਼ੀ ਰੂਪ ਦੇਣ ਦੇ ਸਕਣ।

(4) ਸੀਮਿਤ ਵਰਤੋਂ। ਹੇਠ ਲਿਖੀਆਂ ਸਥਿਤੀਆਂ ਵਿੱਚ ECW ਦੀ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ:

(a) ਮੌਕੇ ਤੋਂ ਭੱਜਣ ਵਾਲੇ ਵਿਅਕਤੀ 'ਤੇ, ਹੋਰ ਕਾਰਕਾਂ ਦੀ ਗੈਰਹਾਜ਼ਰੀ ਵਿੱਚ।

(b) ਉਸ ਵਿਅਕਤੀ ਉੱਤੇ ਜਿਸਨੂੰ ਹੱਥਕੜੀ ਲੱਗੀ ਹੋਵੇ ਜਾਂ ਹਿਰਾਸਤ ਵਿੱਚ ਲਿਆ ਗਿਆ ਹੋਵੇ, ਬਸ਼ਰਤੇ ਘਾਤਕ ਬਲ ਵਰਤਣ ਦਾ ਅਧਿਕਾਰ ਨਾ ਮਿਲਿਆ ਹੋਵੇ।।

(c) ਉਸ ਵਿਅਕਤੀ ਉੱਤੇ ਜੋ ਉੱਚੀ ਥਾਂ 'ਤੇ ਮੌਜੂਦ ਹੈ (ਉਦਾਹਰਨ ਲਈ, ਇੱਕ ਉੱਚੀ ਥਾਂ ਦਾ ਕਿਨਾਰਾ, ਮਚਾਨ, ਖੜ੍ਹੀ ਚਟਾਨ ਦੇ ਨੇੜੇ, ਆਦਿ) ਜਦੋਂ ਤੱਕ ਕਿ ਡਿੱਗਣ ਨਾਲ ਲੱਗਣ ਵਾਲੀ ਸੱਟ ਨੂੰ ਰੋਕਣ ਜਾਂ ਘੱਟ ਕਰਨ ਲਈ ਉਚਿਤ ਕੋਸ਼ਿਸ਼ਾਂ ਨਾ ਕੀਤੀਆਂ ਗਈਆਂ ਹੋਣ (ਜਿਵੇਂ ਕਿ ਇੱਕ ਸੁਰੱਖਿਆ ਜਾਲ ਲਗਾਉਣਾ)।

(d) ਉਸ ਵਿਅਕਤੀ ਉੱਤੇ ਜੋ ਟਰੱਕ, ਮੋਟਰਸਾਈਕਲ, ਸਾਰੇ ਟੈਰੀਅਨ ਵਾਹਨ (ATV), ਸਾਈਕਲ ਅਤੇ ਸਕੂਟਰ ਵਰਗਾ ਕੋਈ ਵਾਹਨ ਚਲਾ ਰਿਹਾ ਹੈ, ਬਸ਼ਰਤੇ ਘਾਤਕ ਬਲ ਵਰਤਣ ਦਾ ਅਧਿਕਾਰ ਨਾ ਮਿਲਿਆ ਹੋਵੇ।

(e) ਅਜਿਹੇ ਮਾਹੌਲ ਵਿੱਚ ਜਿੱਥੇ ਅਫ਼ਸਰ ਜਾਣਦਾ ਹੈ ਜਾਂ ਉਸ ਕੋਲ ਇਹ ਵਿਸ਼ਵਾਸ ਕਰਨ ਦਾ ਕਾਰਨ ਹੈ ਕਿ ਸੰਭਾਵੀ ਤੌਰ 'ਤੇ ਜਲਣਸ਼ੀਲ, ਜਾਂ ਵਿਸਫੋਟਕ ਸਮੱਗਰੀ ਮੌਜੂਦ ਹੈ ਜੋ ਇੱਕ ਖੁੱਲ੍ਹੀ ਚੰਗਿਆੜੀ ਨਾਲ ਭੜਕ ਸਕਦੀ ਹੈ, ਇਸ ਵਿੱਚ ਅਸਥਿਰ ਪ੍ਰੋਪੇਲੈਂਟ ਵਾਲਾ OC ਸਪਰੇਅ, ਗੈਸੋਲੀਨ, ਕੁਦਰਤੀ ਗੈਸ, ਜਾਂ ਪ੍ਰੋਪੇਨ ਸ਼ਾਮਲ ਹੈ, ਪਰ ਇਹ ਇਹਨਾਂ ਤੱਕ ਹੀ ਸੀਮਿਤ ਨਹੀਂ ਹੈ।

## ਬੰਦੂਕ

(1) ਬੰਦੂਕ ਇੱਕ ਘਾਤਕ ਗੋਲਾ-ਬਾਰੂਦ ਵਾਲਾ ਹਥਿਆਰ ਹੈ, ਜਿਸਨੂੰ ਅਜਿਹਾ ਅਫ਼ਸਰ ਆਪਣੇ ਕੋਲ ਰੱਖਦਾ ਜੋ ਏਜੰਸੀ ਦੀਆਂ ਹਥਿਆਰ ਰੱਖਣ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ ਜਾਂ ਜਿਸਨੂੰ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਦੀ ਲੀਡਰਸ਼ਿਪ ਦੁਆਰਾ ਵਿਸ਼ੇਸ਼ ਹਥਿਆਰ ਵਜੋਂ ਅਧਿਕਾਰਤ ਕੀਤਾ ਗਿਆ ਹੈ।

(2) ਅਫ਼ਸਰਾਂ ਨੂੰ ਸਿਰਫ਼ ਉਹਨਾਂ ਸਥਿਤੀਆਂ ਵਿੱਚ ਵਿਅਕਤੀ ਉੱਤੇ ਬੰਦੂਕ ਨਾਲ ਹਮਲਾ ਕਰਨ ਦੀ ਇਜਾਜ਼ਤ ਹੈ ਜਿੱਥੇ ਉਹਨਾਂ ਨੂੰ ਘਾਤਕ ਬਲ ਵਰਤਣ ਦਾ ਅਧਿਕਾਰ ਮਿਲਿਆ ਹੋਵੇ। ਬੰਦੂਕ ਨਾਲ ਹਮਲਾ ਕਰਨ ਦਿਸ ਸਥਿਤੀ ਜਾਇਜ਼ ਹੋਣੀ ਚਾਹੀਦੀ ਹੈ।

(3) ਬੰਦੂਕ ਨੂੰ ਕੱਢਣਾ ਅਤੇ ਕਿਸੇ ਵੱਲ ਨਿਸ਼ਾਨਾ ਕਰਨਾ:

(a) ਅਫ਼ਸਰਾਂ ਨੂੰ ਸਿਰਫ਼ ਉਦੋਂ ਹੀ ਬੰਦੂਕ ਦਾ ਨਿਸ਼ਾਨਾ ਕਿਸੇ ਵਿਅਕਤੀ ਦੇ ਵੱਲ ਕਰਨਾ ਚਾਹੀਦਾ ਹੈ ਜੇ ਘਾਤਕ ਬਲ ਵਰਤਣ ਦਾ ਅਧਿਕਾਰ ਨਾ ਮਿਲਿਆ ਹੋਵੇ।

(b) ਜਦੋਂ ਅਫ਼ਸਰ ਨੂੰ ਹਾਲਾਤਾਂ ਦੀ ਸੰਪੂਰਨ ਜਾਣਕਾਰੀ ਦੇ ਅਧਾਰ 'ਤੇ ਇਸ ਵਾਜਬ ਨਤੀਜੇ 'ਏ ਪਹੁੰਚਦਾ ਹੈ ਕਿ ਸਥਿਤੀ ਉਸ ਸਤਰ ਤੱਕ ਵਿਕਸਤ ਹੋ ਸਕਦੀ ਹੈ ਜਿੱਥੇ ਘਾਤਕ ਬਲ ਵਰਤਣ ਦੀ ਲੋੜ ਪੀ ਸਕਦੀ ਹੈ ਤਾਂ ਅਫ਼ਸਰਾਂ ਨੂੰ ਨੀਵੀਂ ਅਤੇ ਤਿਆਰ ਸਥਿਤੀ ਵਿੱਚ ਬੰਦੂਕ ਨੂੰ ਕੱਢਣਾ ਚਾਹੀਦਾ ਹੈ (ਭਾਵ, ਬੰਦੂਕ ਦੇ ਕੇਸ ਤੋਂ ਬਾਹਰ, ਪਰ ਅਫ਼ਸਰ ਦੇ ਵਿਜ਼ੂਅਲ ਖੇਤਰ ਤੋਂ ਪਰੇ)।

(c) ਜਦੋਂ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਘਾਤਕ ਬਲ ਵਰਤਣ ਦੀ ਜ਼ਰੂਰਤ ਨਹੀਂ ਹੈ, ਤਾਂ ਅਫ਼ਸਰਾਂ ਨੂੰ ਜਲਦ ਤੋਂ ਜਲਦ ਜਦੋਂ ਵੀ ਸੰਭਵ ਅਤੇ ਸੁਰੱਖਿਅਤ ਹੋਵੇ, ਆਪਣੀ ਬੰਦੂਕ ਨੂੰ ਹੇਠਾਂ ਕਰਨਾ, ਉਸਨੂੰ ਵਾਪਸ ਕੇਸ ਵਿੱਚ ਪਾਉਣਾ ਜਾਂ ਉਸਨੂੰ ਸੁਰੱਖਿਅਤ ਕਰਨਾ ਚਾਹੀਦਾ ਹੈ।

(d) ਕਿਸੇ ਵਿਅਕਤੀ ਵੱਲ ਬੰਦੂਕ ਤੈਨਾਤ ਕਰਨਾ ਬਲ ਦੀ ਇੱਕ ਰਿਪੋਰਟਯੋਗ ਵਰਤੋਂ ਹੈ ਅਤੇ ਇਸ ਦਾ ਸਪਸ਼ਟੀਕਰਨ ਅਤੇ ਸਥਿਤੀਆਂ ਨੂੰ ਸਟੇਟਵਾਈਡ ਯੂਜ਼ ਆਫ਼ ਫੋਰਸ ਡੇਟਾ ਕਲੈਕਸ਼ਨ ਪ੍ਰੋਗਰਾਮ ਰਾਹੀਂ ਤੈਅ ਕੀਤੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਦਸਤਾਵੇਜ਼ੀ ਰੂਪ ਵਿੱਚ ਦਰਜ ਕੀਤਾ ਜਾਵੇਗਾ। (RCW 10.118.030).

(4) ਜਦੋਂ ਸੰਭਵ ਹੋਵੇ, ਅਫ਼ਸਰਾਂ ਨੂੰ ਜ਼ੁਬਾਨੀ ਚੇਤਾਵਨੀ ਦੇਣੀ ਚਾਹੀਦੀ ਹੈ ਕਿ ਬੰਦੂਕ ਨਾਲ ਹਮਲਾ ਕੀਤਾ ਜਾਵੇਗਾ।

(5) ਬੰਦੂਕ ਦੀ ਵਰਤੋਂ ਕਰਨ ਦਾ ਫ਼ੈਸਲਾ ਲੈਣ ਤੋਂ ਪਹਿਲਾਂ, ਅਫ਼ਸਰਾਂ ਨੂੰ ਅੱਗ ਲੱਗਣ ਵਾਲੇ ਖੇਤਰ, ਪਿਛੋਕੜ, ਆਸ-ਪਾਸ ਮੌਜੂਦ ਲੋਕਾਂ, ਗੋਲੀ ਦੇ ਉੱਛਲਨ ਦੀ ਸੰਭਾਵਨਾ, ਅਤੇ ਹੋਰ ਲੋਕਾਂ ਦੀਆਂ ਜਾਨਾਂ ਲਈ ਜੋਖਮ, ਆਦਿ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

(6) ਸੀਮਿਤ ਵਰਤੋ:

(a) ਅਫ਼ਸਰਾਂ ਨੂੰ ਬੰਦੂਕ ਦੀ ਵਰਤੋਂ ਇਮਪੈਕਟ ਵੈਪਨ ਵਜੋਂ ਨਹੀਂ ਕਰਨੀ ਚਾਹੀਦੀ, ਸਿਵਾਏ ਜਦੋਂ ਘਾਤਕ ਬਲ ਵਰਤਣ ਦੀ ਆਗਿਆ ਹੋਵੇ

(b) ਚਲਦੇ ਵਾਹਨ ਉੱਤੇ ਜਾਂ ਚਲਦੇ ਵਾਹਨ ਤੋਂ ਬੰਦੂਕ ਚਲਾਉਣਾ:

(i) ਜਦੋਂ ਤੱਕ ਵਾਹਨ ਚਾਲਕ ਜਾਂ ਯਾਤਰੀ ਦੁਆਰਾ ਕਿਸੇ ਘਾਤਕ ਹਥਿਆਰ ਦੀ ਵਰਤੋਂ ਦੇ ਨਤੀਜੇ ਵਜੋਂ ਗੰਭੀਰ ਸਰੀਰਕ ਨੁਕਸਾਨ ਪਹੁੰਚਣ ਦੇ ਖਤਰੇ ਤੋਂ ਬਚਣ ਲਈ ਜ਼ਰੂਰੀ ਨਾ ਹੋਵੇ, ਉਦੋਂ ਤੱਕ ਅਫ਼ਸਰ ਚਲਦੇ ਵਾਹਨ 'ਤੇ ਹਥਿਆਰ ਨਹੀਂ ਚਲਾ ਸਕਦੇ ਹਨ। ਕਿਸੇ ਵਾਹਨ ਨੂੰ ਘਾਤਕ ਹਥਿਆਰ ਨਹੀਂ ਮੰਨਿਆ ਜਾਂਦਾ ਹੈ ਜਦੋਂ ਤੱਕ ਵਾਹਨ ਚਾਲਕ ਉਸਨੂੰ ਘਾਤਕ ਹਥਿਆਰ ਦੇ ਤੌਰ 'ਤੇ ਨਾ ਵਰਤ ਰਿਹਾ ਹੋਵੇ ਅਤੇ ਅਫ਼ਸਰ ਕੋਲ ਦੇ ਸੰਭਾਵੀ ਤੌਰ 'ਤੇ ਗੰਭੀਰ ਨੁਕਸਾਨ ਤੋਂ ਬਚਣ ਲਈ ਕੋਈ ਹੋਰ ਵਾਜਬ ਸਾਧਨ ਉਪਲਬਧ ਨਾ ਹੋਵੇ। (RCW 10.116.060).

(ii) ਜਦੋਂ ਸੰਭਵ ਹੋਵੇ, ਅਫ਼ਸਰਾਂ ਨੂੰ ਵਾਹਨ ਚਾਲਕ ਉੱਤੇ ਹਥਿਆਰ ਚਲਾਉਣ ਦੀ ਬਜਾਏ ਚਲਦੇ ਵਾਹਨ ਦੇ ਰਾਹ ਵਿੱਚੋਂ ਹਟਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

(iii) ਵਾਹਨ ਨੂੰ ਅਯੋਗ ਬਣਾਉਣ ਦੀ ਕੋਸ਼ਿਸ਼ ਕਰਨ ਲਈ ਅਫ਼ਸਰਾਂ ਨੂੰ ਵਾਹਨ ਦੇ ਕਿਸੇ ਵੀ ਹਿੱਸੇ 'ਤੇ ਗੋਲੀ ਨਹੀਂ ਚਲਾਉਣੀ ਚਾਹੀਦੀ।

(iv) ਅਫ਼ਸਰਾਂ ਨੂੰ ਚਲਦੇ ਵਾਹਨ ਵਿੱਚੋਂ ਬੰਦੂਕ ਨਹੀਂ ਚਲਾਉਣੀ ਚਾਹੀਦੀ, ਜਦੋਂ ਤੱਕ ਕਿ ਕੋਈ ਵਿਅਕਤੀ ਅਫ਼ਸਰ ਜਾਂ ਕਿਸੇ ਹੋਰ ਵਿਅਕਤੀ ਨੂੰ ਘਾਤਕ ਬਲ ਦੇ ਨਾਲ ਧਮਕੀ ਨਾ ਦੇ ਰਿਹਾ ਹੋਵੇ।

(7) ਵਰਤੋ ਦੀ ਮਨਾਹੀ। ਅਫ਼ਸਰ ਨੂੰ ਹੇਠ ਲਿਖੀਆਂ ਸਥਿਤੀਆਂ ਵਿੱਚ ਬੰਦੂਕ ਦੀ ਵਰਤੋਂ ਨਹੀਂ ਕਰਨਗੇ:

(a) ਜਦੋਂ ਕਿਸੇ ਬੇਕਸੂਰ ਵਿਅਕਤੀ ਦੇ ਜ਼ਖਮੀ ਹੋਣ ਦੀ ਸੰਭਾਵਨਾ ਹੁੰਦੀ ਹੈ।

(b) "ਚੇਤਾਵਨੀ ਲਈ ਗੋਲੀ" ਚਲਾਉਣਾ।

(c) ਕਿਸੇ ਅਜਿਹੇ ਵਿਅਕਤੀ 'ਤੇ ਬੰਦੂਕ ਚਲਾਉਣਾ ਜਾਂ ਤੈਨਾਤ ਕਰਨਾ ਜੋ ਸਿਰਫ਼ ਖੁਦ ਆਪਣੇ ਲਈ ਖਤਰਾ ਪੇਸ਼ ਕਰਦਾ ਹੈ ਅਤੇ ਉਸ ਕੋਲ, ਅਫ਼ਸਰ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਮੌਤ ਜਾਂ ਗੰਭੀਰ ਸਰੀਰਕ ਸੱਟ ਪਹੁੰਚਾਉਣ ਦੀ ਸਪਸ਼ਟ ਯੋਗਤਾ, ਮੌਕਾ ਅਤੇ ਇਰਾਦਾ ਨਹੀਂ ਹੈ।

(d) ਕਿਸੇ ਅਜਿਹੇ ਵਿਅਕਤੀ 'ਤੇ ਬੰਦੂਕ ਚਲਾਉਣਾ ਜਾਂ ਤੈਨਾਤ ਕਰਨਾ ਜੋ ਸਿਰਫ਼ ਸੰਪਤੀ ਲਈ ਖਤਰਾ ਪੇਸ਼ ਕਰਦਾ ਹੈ ਅਤੇ ਉਸ ਕੋਲ, ਅਫ਼ਸਰ ਨੂੰ ਜਾਂ ਕਿਸੇ ਹੋਰ ਵਿਅਕਤੀ ਨੂੰ ਮੌਤ ਜਾਂ ਗੰਭੀਰ ਸਰੀਰਕ ਸੱਟ ਪਹੁੰਚਾਉਣ ਦਾ ਕੋਈ ਸਪਸ਼ਟ ਮੌਕਾ ਜਾਂ ਇਰਾਦਾ ਨਹੀਂ ਹੈ।

# ਰਿਸਟ੍ਰੈਨਟ ਡਿਵਾਈਸ ਚੁਣੋ

ਕਿਉਂਕਿ ਰਿਸਟ੍ਰੈਨਟ ਡਿਵਾਈਸਾਂ ਨੂੰ ਕਿਸੇ ਵਿਅਕਤੀ ਦੀ ਹਲਚਲ ਨੂੰ ਮਜਬੂਰ ਕਰਨ, ਰੋਕਣ, ਸੀਮਿਤ ਕਰਨ ਜਾਂ ਨਿਯੰਤਰਿਤ ਕਰਨ ਲਈ ਤਿਆਰ ਕੀਤਾ ਗਿਆ ਹੈ, ਇਹਨਾਂ ਡਿਵਾਈਸਾਂ ਦੀ ਵਰਤੋਂ ਨੂੰ ਸਰੀਰਕ ਬਲ ਮੰਨਿਆ ਜਾਂਦਾ ਹੈ ਅਤੇ ਇਸ ਨੀਤੀ ਵਿੱਚ ਦੱਸੇ ਗਏ ਸਰੀਰਕ ਬਲ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਵਾਲੇ ਸਾਰੇ ਵਿਚਾਰ ਇਸ ਉੱਤੇ ਲਾਗੂ ਹੁੰਦੇ ਹਨ।

## ਸਪਿੱਟ ਗਾਰਡ

(1) ਸਪਿੱਟ ਗਾਰਡ ਯਾਨੀ ਕਿ ਥੁੱਕ ਤੋਂ ਬਚਾਉਣ ਵਾਲੀ ਢਾਲ (ਜਿਸਨੂੰ "ਸਪਿੱਟ ਹੁੱਡ," "ਸਪਿੱਟ ਮਾਸਕ," ਜਾਂ "ਸਪਿੱਟ ਸਾਕ," ਵਜੋਂ ਵੀ ਜਾਣਿਆ ਜਾਂਦਾ ਹੈ) ਇੱਕ ਜਾਲ ਵਰਗਾ ਬੁਣਿਆ ਹੋਇਆ ਡਿਵਾਈਸ ਹੈ, ਜਿਸ ਨੂੰ ਵਿਅਕਤੀ ਦੇ ਸਿਰ ਅਤੇ ਚਿਹਰੇ 'ਤੇ ਪਹਿਨਾਇਆ ਜਾਂਦਾ ਹੈ ਤਾਂ ਕਿ ਉਸਦੀ ਲਾਰ, ਬਲਗਮ, ਅਤੇ ਖੂਨ ਰਾਹੀਂ ਫੈਲਣ ਵਾਲੀ ਬਿਮਾਰੀ ਦੇ ਸੰਚਾਰ ਨੂੰ ਰੋਕਿਆ ਜਾਂ ਘਟਾਇਆ ਜਾ ਸਕੇ।

(2) ਵਰਤੋਂ ਦਾ ਪੱਧਰ:

- (a) ਕੋਈ ਅਫ਼ਸਰ ਥੁੱਕਣ ਜਾਂ ਵੱਢਣ ਵਾਲੇ ਵਿਅਕਤੀ ਨੂੰ ਕਾਨੂੰਨੀ ਤੌਰ 'ਤੇ ਰੋਕਣ ਜਾਂ ਰੋਕਣ ਦੀ ਕੋਸ਼ਿਸ਼ ਕਰਨ ਲਈ ਸਪਿੱਟ ਗਾਰਡ ਲਗਾ ਸਕਦਾ ਹੈ।
- (b) ਸਪਿੱਟ ਗਾਰਡ ਲਗਾਉਣ ਵਾਲੇ ਅਫ਼ਸਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਪਿੱਟ ਗਾਰਡ ਨੂੰ ਨਿਰਮਾਤਾ ਦੀਆਂ ਹਿਦਾਇਤਾਂ ਅਨੁਸਾਰ, ਉਚਿਤ ਹਵਾ ਦੇ ਸੰਚਾਰ ਨੂੰ ਕਾਇਮ ਰੱਖਦੇ ਹੋਏ ਸਹੀ ਢੰਗ ਨਾਲ ਬੰਨ੍ਹਿਆ ਗਿਆ ਹੈ ਤਾਂ ਜੋ ਵਿਅਕਤੀ ਸਹੀ ਢੰਗ ਨਾਲ ਸਾਹ ਲੈ ਸਕੇ।
- (c) ਜਿਹੜੇ ਅਫ਼ਸਰਾਂ ਨੇ ਏਜੰਸੀ ਦੁਆਰਾ ਪ੍ਰਵਾਨਿਤ ਸਪਿੱਟ ਗਾਰਡ ਪਹਿਨਾਉਣ ਦੀ ਸਿਖਲਾਈ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ, ਸਿਰਫ਼ ਉਹੀ ਅਫ਼ਸਰ ਇਸਦੀ ਵਰਤੋਂ ਕਰਨ ਲਈ ਅਧਿਕਾਰਤ ਹਨ।
- (d) ਅਫ਼ਸਰ ਸਿਰਫ਼ ਏਜੰਸੀ ਦੁਆਰਾ ਜਾਰੀ ਕੀਤੇ ਸਪਿੱਟ ਗਾਰਡ ਦੀ ਵਰਤੋਂ ਕਰਨਗੇ।

(3) ਸੀਮਿਤ ਵਰਤੋਂ:

- (a) ਜਿਹਨਾਂ ਵਿਅਕਤੀਆਂ ਉੱਤੇ OC ਸਪਰੇਅ ਦਾ ਛਿੜਕਾਅ ਕੀਤਾ ਗਿਆ ਹੈ, ਉਹਨਾਂ ਨੂੰ ਸਾਫ਼ ਕਰਨਾ ਚਾਹੀਦਾ ਹੈ ਤਾਂ ਜੋ ਸਪਿੱਟ ਗਾਰਡ ਪਹਿਨਾਉਣ ਤੋਂ ਪਹਿਲਾਂ ਉਹਨਾਂ ਨੂੰ ਸਾਹ ਲੈਣ ਵਿੱਚ ਕੋਈ ਤਕਲੀਫ਼ ਨਾ ਰਹੇ।
- (b) ਮਾਨਸਿਕ ਸਿਹਤ ਸੰਕਟ ਨਾਲ ਜੂਝ ਰਹੇ ਵਿਅਕਤੀਆਂ ਨੂੰ ਸਪਿੱਟ ਗਾਰਡ ਪਹਿਨਾਉਣ ਨਾਲ ਪਰੇਸ਼ਾਨੀ ਦਾ ਪੱਧਰ ਵੱਧ ਸਕਦਾ ਹੈ। ਅਫ਼ਸਰਾਂ ਨੂੰ ਜ਼ੁਬਾਨੀ ਭਰੋਸਾ ਦੇਣਾ ਚਾਹੀਦਾ ਹੈ ਅਤੇ ਜਿੰਨੀ ਜਲਦੀ ਉਚਿਤ ਹੋਵੇ ਸਪਿੱਟ ਗਾਰਡ ਨੂੰ ਹਟਾਉਣ ਲਈ ਸਥਿਤੀ ਦਾ ਮੁਲਾਂਕਣ ਕਰਨਾ ਚਾਹੀਦਾ ਹੈ।

(4) ਵਰਤੋ ਦੀ ਮਨਾਹੀ। ਉੱਚ ਖਤਰੇ ਦੇ ਕਾਰਨ ਅਫ਼ਸਰ ਹੇਠ ਲਿਖੀਆਂ ਸਥਿਤੀਆਂ ਵਿੱਚ ਸਪਿੱਟ ਗਾਰਡ ਨਹੀਂ ਪਹਿਨਾਉਣਗੇ:

- (a) ਜਦੋਂ ਹਿਰਾਸਤ ਵਿੱਚ ਲਏ ਵਿਅਕਤੀ ਮੂੰਹ ਜਾਂ ਨੱਕ ਦੇ ਆਲੇ-ਦੁਆਲੇ ਦੇ ਖੇਤਰ ਤੋਂ ਬਹੁਤ ਜ਼ਿਆਦਾ ਖੂਨ ਵਗ ਰਿਹਾ ਹੁੰਦਾ ਹੈ।
- (b) ਵਿਅਕਤੀ ਬਾਰ-ਬਾਰ ਉਲਟੀਆਂ ਕਰ ਰਿਹਾ ਹੁੰਦਾ ਹੈ। ਜੇਕਰ ਕੋਈ ਵਿਅਕਤੀ ਸਪਿੱਟ ਗਾਰਡ ਪਹਿਨਣ ਦੌਰਾਨ ਉਲਟੀ ਕਰ ਦਿੰਦਾ ਹੈ, ਤਾਂ ਸਪਿੱਟ ਗਾਰਡ ਨੂੰ ਤੁਰੰਤ ਹਟਾ ਦੇਣਾ ਅਤੇ ਸੁੱਟ ਦੇਣਾ ਚਾਹੀਦਾ ਹੈ।
- (c) ਅਜਿਹੇ ਵਿਅਕਤੀ 'ਤੇ ਸਪਿੱਟ ਗਾਰਡ ਨਹੀਂ ਵਰਤਣਾ ਚਾਹੀਦਾ ਜੋ ਕਹਿੰਦਾ ਹੈ ਕਿ ਉਹਨਾਂ ਦੀ ਮੈਡੀਕਲ ਸਥਿਤੀ, ਉਹਨਾਂ ਦੇ ਸਾਹ ਨੂੰ ਪ੍ਰਭਾਵਿਤ ਕਰਦੀ ਹੈ, ਜਾਂ ਜਿਸ ਵਿਅਕਤੀ ਵਿੱਚ ਸਾਹ ਲੈਣ ਵਿੱਚ ਤਕਲੀਫ਼ ਦੇ ਲੱਛਣ ਦਿਖਦੇ ਹਨ।

(5) ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ, ਸਪਿੱਟ ਗਾਰਡ ਨੂੰ ਤੁਰੰਤ ਹਟਾ ਦੇਣਾ ਚਾਹੀਦਾ ਹੈ।

(6) ਸਪਿੱਟ ਗਾਰਡ ਪਹਿਨਾਉਣ ਤੋਂ ਪਹਿਲਾਂ, ਅਫ਼ਸਰ, ਵਿਅਕਤੀ ਨੂੰ ਚੇਤਾਵਨੀ ਦੇਵੇਗਾ ਅਤੇ ਵਿਅਕਤੀ ਨੂੰ ਅਫ਼ਸਰ ਦੇ ਹੁਕਮਾਂ ਦੀ ਪਾਲਣਾ ਕਰਨ ਲਈ ਇੱਕ ਉਚਿਤ ਸਮਾਂ ਪ੍ਰਦਾਨ ਕਰੇਗਾ। ਜੇ ਸਪਿੱਟ ਗਾਰਡ ਪਹਿਨਾਇਆ ਜਾਂਦਾ ਹੈ, ਤਾਂ ਥੁੱਕਣ ਜਾਂ ਵੱਢਣ ਦੀ ਧਮਕੀ ਖਤਮ ਹੁੰਦੇ ਹੀ ਜਾਂ ਅਫ਼ਸਰ ਨੂੰ ਲਗਦਾ ਹੈ ਕਿ ਸਪਿੱਟ ਗਾਰਡ ਦੀ ਹੁਣ ਲੋੜ ਨਹੀਂ ਹੈ, ਤਾਂ ਅਫ਼ਸਰ ਸਪਿੱਟ ਗਾਰਡ ਨੂੰ ਹਟਾ ਦੇਵੇਗਾ।

(7) ਸਪਿੱਟ ਗਾਰਡ ਪਹਿਨਾਉਣ ਤੋਂ ਬਾਅਦ ਅਤੇ ਜਦੋਂ ਅਜਿਹਾ ਕਰਨਾ ਸੁਰੱਖਿਅਤ ਹੁੰਦਾ ਹੈ, ਅਫ਼ਸਰ ਵਿਅਕਤੀ ਨੂੰ ਬੈਠਣ ਵਾਲੀ ਜਾਂ ਸਾਈਡ ਰਿਕਵਰੀ ਪੋਜੀਸ਼ਨ ਵਿੱਚ ਲੈ ਜਾਵੇਗਾ ਅਤੇ ਜਦੋਂ ਤੱਕ ਕਿ ਸਪਿੱਟ ਗਾਰਡ ਨੂੰ ਹਟਾਇਆ ਨਹੀਂ ਜਾਂਦਾ ਉਦੋਂ ਤੱਕ ਵਿਅਕਤੀ ਉੱਤੇ ਨਜ਼ਰ ਰੱਖੇਗਾ। ਕਮਜ਼ੋਰ ਜਾਂ ਖ਼ਰਾਬ ਨਜ਼ਰ ਦੀ ਸੰਭਾਵਨਾ ਦੇ ਕਾਰਨ ਅਫ਼ਸਰ ਵਿਅਕਤੀ ਨੂੰ ਐਸਕਾਰਟ ਕਰਨ ਵੇਲੇ ਸਹਾਇਤਾ ਕਰਨਗੇ।

(8) ਸਪਿੱਟ ਗਾਰਡ ਦੀ ਵਰਤੋਂ ਦਸਤਾਵੇਜ਼ਾਂ ਵਿੱਚ ਦਰਜ ਹੋਣੀ ਚਾਹੀਦੀ ਹੈ।

(9) ਹਰ ਵਰਤੋਂ ਤੋਂ ਬਾਅਦ ਸਪਿੱਟ ਗਾਰਡ ਨੂੰ ਸੁੱਟ ਦਿੱਤਾ ਜਾਵੇਗਾ।

## ਹੋਬਲ ਰਿਸਟ੍ਰੈਨਟ

(1) ਹੋਬਲ ਰਿਸਟ੍ਰੈਨਟ ਇੱਕ ਅਜਿਹਾ ਪੱਟਾ ਹੈ ਜੋ ਹਮਲਾਵਰ ਵਿਅਕਤੀ ਨੂੰ ਕਾਬੂ ਕਰਨ ਲਈ ਵਿਅਕਤੀ ਦੇ ਪੈਰਾਂ ਨੂੰ ਰੋਕਣ ਲਈ ਤਿਆਰ ਕੀਤਾ ਗਿਆ।

(2) ਅਫ਼ਸਰ ਸਿਰਫ਼ ਏਜੰਸੀ ਦੁਆਰਾ ਜਾਰੀ ਕੀਤੇ ਹੋਬਲ ਰਿਸਟ੍ਰੈਨਟ ਦੀ ਵਰਤੋਂ ਕਰਨਗੇ।

(3) ਵਰਤੋ ਦੀ ਮਨਾਹੀ। ਅਫ਼ਸਰ ਹੱਥਕੜੀਆਂ ਜਾਂ ਹੋਰ ਕਿਸਮ ਦੇ ਰਿਸਟ੍ਰੈਨਟ (ਜਿਵੇਂ ਕਿ, ਵਿਅਕਤੀ ਨੂੰ "ਹੋਗ ਟਾਈ" ਵਿੱਚ ਬੰਨ੍ਹਣਾ) ਲਈ ਹੋਬਲ ਰਿਸਟ੍ਰੈਨਟ ਨੂੰ ਨਹੀਂ ਜੋੜਨਗੇ।

(4) ਹੋਬਲ ਰਿਸਟ੍ਰੈਨਟ ਲਗਾਉਣ ਤੋਂ ਬਾਅਦ, ਅਫ਼ਸਰ ਵਿਅਕਤੀ ਨੂੰ ਮੂੰਹ ਭਾਰ ਨਹੀਂ ਰੱਖਣਗੇ।

(5) ਅਫ਼ਸਰ ਉਹਨਾਂ ਵਿਅਕਤੀਆਂ ਉੱਤੇ ਨਜ਼ਰ ਰੱਖਣਗੇ ਜਿਹਨਾਂ ਨੂੰ ਹੋਬਲ ਰਿਸਟ੍ਰੈਨਟ ਵਿੱਚ ਰੱਖਿਆ ਗਿਆ ਹੈ ਅਤੇ ਵਿਅਕਤੀ ਦੀ ਸਿਹਤ ਅਤੇ ਸੁਰੱਖਿਆ ਦੀ ਰੱਖਿਆ ਲਈ ਲੋੜ ਪੈਣ 'ਤੇ ਤੁਰੰਤ ਕਾਰਵਾਈ ਕਰਨਗੇ।

(6) ਜੇ ਹੋਬਲ ਰਿਸਟ੍ਰੈਨਟ ਦੀ ਵਰਤੋਂ ਕਰਨ ਦੀ ਲੋੜ ਖਤਮ ਹੋ ਜਾਂਦੀ ਹੈ ਤਾਂ ਅਫ਼ਸਰ ਉਸਦੀ ਵਰਤੋਂ ਬੰਦ ਕਰ ਦੇਣਗੇ।

# ਟ੍ਰੇਨਿੰਗ

(1) ਸਾਰੇ ਅਫ਼ਸਰਾਂ ਅਤੇ ਸੁਪਰਵਾਈਜ਼ਰਾਂ ਨੂੰ ਘੱਟੋ-ਘੱਟ ਸਾਲਾਨਾ ਇਸ ਨੀਤੀ ਦੇ ਅਨੁਸਾਰ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ। ਟ੍ਰੇਨਿੰਗ ਵਿੱਚ:

(a) ਕਲਾਸਰੂਮ ਅਤੇ ਸਥਿਤੀ-ਅਧਾਰਿਤ ਸਿਖਲਾਈ ਦਾ ਸੁਮੇਲ ਹੋਣਾ ਚਾਹੀਦਾ ਹੈ,

(b) ਜਦੋਂ ਢੁੱਕਵਾਂ ਅਤੇ ਸੰਭਵ ਹੋਵੇ, ਭਾਈਚਾਰਕ ਭਾਈਵਾਲਾਂ ਨੂੰ ਸ਼ਾਮਲ ਕਰੋ,

(c) ਅਨਉਚਿਤ ਤੌਰ 'ਤੇ ਪ੍ਰਭਾਵਿਤ ਭਾਈਚਾਰਿਆਂ ਨੂੰ ਸਮਝਣ ਲਈ ਸੱਭਿਆਚਾਰਕ ਯੋਗਤਾ ਨੂੰ ਸ਼ਾਮਲ ਕਰੋ ਅਤੇ ਪੁਲਿਸ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਦੇ ਨਸਲੀ ਤਜਰਬੇ ਪੁਲਿਸ ਨਾਲ ਗੱਲਬਾਤ ਨੂੰ ਕਿਵੇਂ ਪ੍ਰਭਾਵਤ ਕਰ ਸਕਦੇ ਹਨ।

(2) ਇਸ ਨੀਤੀ ਨੂੰ ਰੱਖਿਆਤਮਕ ਰਣਨੀਤੀ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।